# ਚਿਰਾਗ

ਜੁਲਾਈ -ਸਤੰਬਰ 1992

**July - September 1992**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਤਿਗ!ਗ

ਪੁਸਤਕ ਲੜੀ–1

## ਲੇਖਕ ਦਾ ਕੰਮ

ਮੈਂ ਕਹਿੰਦਾ ਹਾਂ ਕਿ ਲੇਖਕ ਦਾ ਕੰਮ ਇਹਨਾਂ ਮਛੇਰਿਆਂ ਦੇ ਕੰਮ ਵਰਗਾ ਹੈ। ਲੇਖਕ ਨੂੰ ਦਰਿਆ ਲੱਭਣਾ ਪੈਂਦਾ ਹੈ ਤੇ ਜੇ ਇਹ ਜੰਮ ਗਿਆ ਹੋਵੇ, ਤਾਂ ਉਸ ਨੂੰ ਬਰਫ਼ ਵਿਚ ਮੋਰੀ ਕੱਢਣੀ ਪੈਂਦੀ ਹੈ। ਉਸ ਵਿੱਚ ਕਾਫੀ ਠਰ੍ਹੰਮਾਂ ਹੋਣਾ ਚਾਹੀਦਾ ਹੈ, ਠੰਢ ਜਰਨਾ ਤੇ ਵਿਰੋਧੀ ਆਲੋਚਕਾਂ ਨੂੰ ਵੀ, ਮਸ਼ਕਰੀ ਸਹਿਣੀ ਪੈਣੀ ਹੈ ਤੇ ਡੂੰਘੇ ਪਾਣੀ ਨੂੰ ਵੀ ਭਾਲਣਾ ਹੈ, ਠੀਕ ਕੁੰਡੀ ਲਾਉਣੀ ਹੈ ਤੇ ਇਸ ਕੰਮ ਦੇ ਪਿੱਛੋਂ ਉਹ ਇੱਕ ਨਿੱਕੀ ਜੇਹੀ ਮੱਛੀ ਖਿੱਚ ਕੇ ਬਾਹਰ ਕੱਢਦਾ ਹੈ। ਸੋ ਹੁਣ ਉਸ ਨੂੰ ਫਿਰ ਮੱਛੀ ਫੜਨੀ ਪੈਣੀ ਹੈ, ਠੰਢ ਨੂੰ ਝੱਲਣਾ, ਪਾਣੀ ਨੂੰ, ਤੇ ਆਲੋਚਕ ਨੂੰ ਵੀ, ਤੇ ਅਖੀਰ ਤੇ ਵੱਡੀ ਮੱਛੀ ਫੜਨੀ ਹੈ, ਹੋਰ ਤੇ ਇਕ ਹੋਰ।

–ਪਾਬਲੋ ਨੇਰੂਦਾ

# ਚਿਰਾਗ਼

ਸਾਹਿਤਕ ਪੁਸਤਕ ਲੜੀ-1

ਜੁਲਾਈ, ਅਗਸਤ, ਸਿਤੰਬਰ 92

ਸੰਪਾਦਕ :

**ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ :

**ਡਾ: ਕਰਮਜੀਤ ਸਿੰਘ**

**ਸ੍ਰੀ ਸੁਰਜੀਤ ਗਿੱਲ**

ਸਾਲਾਨਾ : 25 ਰੁਪਏ

ਇਕ ਕਾਪੀ : 7 ਰੁਪਏ

ਬਦੇਸ਼ (ਹਵਾਈ ਡਾਕ)

ਵਾਰਸ਼ਿਕ : 150 ਰੁਪਏ

**ਡਾਕ-ਪਤਾ :**

ਪਿੰਡ ਫੱਤੂ ਚੱਕ

P.O. ਦਿੱਲਵਾਂ (ਕਪੂਰਥਲਾ)

—144804

ਪ੍ਰਿੰਟਰ, ਮਾਲਕ ਤੇ ਪਬਲਿਸ਼ਰ : ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ ਜਲੰਧਰ ਤੋਂ ਛਪਵਾ ਕੇ 26 BB. ਤੋਂ ਪ੍ਰਕਾਸ਼ਤ ਕੀਤਾ।

## ਇਸ ਅੰਕ ਵਿਚ

ਸੰਪਾਦਕ ਵੱਲੋਂ/ਹਰਭਜਨ ਸਿੰਘ ਹੁੰਦਲ/1
ਕਹਾਣੀ/ਜ਼ਿੰਦਗੀ/ਡਾ: ਐਸ. ਤਰਸੇਮ/3
ਗ਼ਜ਼ਲ/ਸੁਰਿੰਦਰ ਗਿੱਲ/10
ਕਵਿਤਾ/ਚੰਗਾ ਹੋਇਆ/ਮੇਜਰ ਪਿਆਰਾ ਸਿੰਘ/11
ਗ਼ਜ਼ਲ/ਸੁਭਾਸ਼ ਕਲਾਕਾਰ/14
ਕਵਿਤਾ/ਨੱਚੀਕੀਤਾ ਦੀ ਤਲਾਸ਼/ਹਰਵਿਦਰ ਭੰਡਾਲ/15
ਗ਼ਜ਼ਲ/ਸੁਰਜੀਤ ਸਾਜਨ/17
ਕਵਿਤਾ/ਤੋਤਾ, ਜਿੰਨ ਤੇ ਚਸ਼ਮਦੀਦ ਗਵਾਹ/ਜਗਜੀਤ ਗਿਲ/18
ਕਹਾਣੀ/ਕਰੀਮਾ/ਦਵਿੰਦਰ ਮੰਡ/20
ਕਵਿਤਾ/ਛੇਵੇਂ ਦਰਿਆ ਦੇ ਜਨਮ 'ਤੇ/ਸ਼ੇਖ਼ਰ/25
ਲੇਖ/ਪੰਜਾਬੀ ਲੋਕ ਗੀਤਾਂ ਦਾ ਅਧਿਐਨ/ਡਾ: ਕਰਮਜੀਤ ਸਿੰਘ/27
ਦੋ ਗ਼ਜ਼ਲਾਂ/ਬਾਬਾ ਨਜ਼ਮੀ/33
ਲੇਖ/ਨਵੀਂ ਪੰਜਾਬੀ ਕਵਿਤਾ/ਅਮਰਦੀਪ ਗਿੱਲ/34
ਗ਼ਜ਼ਲ/ਸੁਲੱਖਣ ਸਰਹੱਦੀ/41
ਲੇਖ/ਕੱਚੀਆਂ ਕੰਧਾਂ-ਪ੍ਰਗਤੀਵਾਦੀ ਗਲਪ ਸਿਰਜਣਾਂ/ਡਾ: ਅਨੂਪ ਸਿੰਘ/42
ਗ਼ਜ਼ਲ/ਬਲਬੀਰ ਰਿਸ਼ੀ/48
ਕਵਿਤਾਵਾਂ/ਮਹਿਮੂਦ ਦਰਵੇਸ਼/49
ਗੀਤ/ਸਬਦੀਸ਼/51
ਕਵਿਤਾ/ਹਾਸ਼ੀਏ ਦੇ ਆਰ ਪਾਰ/ਬਖਤੌਰ ਧਾਲੀਵਾਲ/52
ਕਵਿਤਾ/ਇੱਕ ਬੁੱਢੀ ਔਰਤ/ਅਚਲਾ ਭਾਟੀਆ/53
ਪੁਸਤਕ ਪੜਚੋਲ/ਤਿਤਲੀ ਤੇ ਕਾਲੀ ਹਵਾ/ਮੇਜਰ ਪਿਆਰਾ ਸਿੰਘ/54
ਬੁੱਕਲ ਦਾ ਰਿਸ਼ਤਾ/ਸੁਰਜੀਤ ਗਿੱਲ/57
ਘਸਮੈਲੇ ਚਿਹਰੇ/ਸੁਰਜੀਤ ਗਿੱਲ/59
ਪੰਖ ਵਿਹੂਣਾ/ਹਰਭਜਨ ਸਿੰਘ ਹੁੰਦਲ/61



# ਸੰਪਾਦਕ ਵੱਲੋਂ

ਇਕ ਨਵੇਂ ਸਾਹਿਤਕ ਤ੍ਰੈ-ਮਾਸਕ ਪੱਤਰ ਦੀ ਪ੍ਰਕਾਸ਼ਨਾ ਆਰੰਭ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਨਰੋਈ ਦਿੱਖ ਤੇ ਸਵਸਥ ਦ੍ਰਿਸ਼ਟੀਕੋਣ ਵਾਲੇ ਇਕ ਦੋ ਪੱਤਰ ਕੱਢੇ ਜਾ ਰਹੇ ਹਨ। ਚਿਰਾਗ਼ ਇਹਨਾਂ ਹੀ ਸੁਪਨਿਆਂ ਤੇ ਉਦੇਸ਼ਾਂ ਨੂੰ ਹੋਰ ਵਿਸਥਾਰ ਦੇਣ ਦਾ ਉਪਰਾਲਾ ਕਰੇਗਾ।

"ਚਿਰਾਗ਼" ਜਨ-ਜੀਵਨ ਦੇ ਹਨੇਰੇ ਪੱਖਾਂ ਨੂੰ ਰੌਸ਼ਨ ਕਰਨ ਦਾ ਮਾਰਗ ਲੈ ਕੇ ਤੁਰਿਆ ਹੈ । ਇਹ ਧਾਰਮਿਕ ਹਨੇਰ ਬਿਰਤੀਵਾਦ, ਫਿਰਕਾ-ਪ੍ਰਸਤੀ ਦੇ ਕਾਲੇ ਤੇ ਮਾਰੂ ਪ੍ਰਛਾਵਿਆਂ ਤੋਂ ਪਾਠਕਾਂ ਨੂੰ ਜਾਣੂ ਕਰਾਉਂਦਾ, ਜਨਵਾਦੀ ਸੰਘਰਸ਼ਾਂ, ਧਰਮ-ਨਿਰਪੇਖ ਆਦਰਸ਼ਾਂ ਤੇ ਪ੍ਰਗਤੀਸ਼ੀਲ ਉਦੇਸ਼ਾਂ ਦਾ ਸਾਹਿਤਕ ਪੱਧਰ 'ਤੇ ਚਿਤਰਨ ਕਰਦਾ, ਕਲਾ ਤੇ ਸਾਹਿਤ ਦੇ ਉੱਚੇ ਤੇ ਸੁੱਚੇ ਮਿਆਰਾਂ ਨੂੰ ਕਦੇ ਵੀ ਅੱਖੋਂ ਪ੍ਰੋਖੇ ਨਹੀਂ ਕਰੇਗਾ ।

ਸਮਕਾਲੀ ਗੁੰਝਲਦਾਰ ਸਮਾਜਿਕ ਪ੍ਰਸਥਿਤੀਆਂ ਦਾ ਨਰੋਏ ਤੇ ਸਵਸਥ ਦ੍ਰਿਸ਼ਟੀਕੋਣ ਤੋਂ ਚਿਤਰਨ ਕਰਦੀਆਂ ਕਵਿਤਾਵਾਂ ਤੇ ਕਹਾਣੀਆਂ ਦੇ ਨਾਲ ਨਾਲ ਚਿਰਾਗ਼ ਸਾਹਿਤ, ਸਭਿਆਚਾਰ, ਭਾਸ਼ਾ ਤੇ ਦਰਸ਼ਨ ਦੇ ਭਖਦੇ ਮਸਲਿਆਂ ਉੱਤੇ ਵਿਚਾਰ-ਉਕਸਾਊ ਲਿਖਤਾਂ ਛਾਪਕੇ ਭਖਵੀਂ ਤੇ ਨਰੋਈ ਬਹਿਸ ਲਈ ਢੁਕਵਾਂ ਮੰਚ ਪ੍ਰਦਾਨ ਕਰੇਗਾ ।

ਚਿਰਾਗ ਨਵੀਂ ਪ੍ਰਤਿਭਾ ਨੂੰ ਲੱਭ ਲੱਭ ਕੇ ਪੇਸ਼ ਕਰਨ ਦਾ ਨਿਰੰਤਰ ਯਤਨ ਜਾਰੀ ਰੱਖੇਗਾ । ਇਹ ਪ੍ਰਗਤੀਵਾਦੀ ਸਾਹਿਤਕ ਸਭਿਆਚਾਰਕ ਲਹਿਰ ਦੇ ਆਦਰਸ਼ਾਂ ਤੇ ਆਸ਼ਿਆਂ ਦਾ ਗੰਭੀਰ ਮੁਲਾਂਕਣ ਕਰਨ ਦੇ ਨਾਲ ਨਾਲ ਸਮੇਂ ਦੀਆਂ ਨਵੀਆਂ ਚੁਣੌਤੀਆਂ ਨੂੰ ਸਾਹਿਤਕ ਪੱਧਰ ਤੇ ਪ੍ਰਵਾਨ ਕਰਦਾ, ਇਸ ਲਹਿਰ ਨੂੰ ਸਮੇਂ ਦੀ ਹਾਣੀ ਬਨਾਉਣ ਲਈ ਸਾਹਿਤਕ ਜਥੇਬੰਦਕ ਤੇ ਸਿਰਜਣਾਤਮਿਕ ਉਪਰਾਲੇ ਕਰੇਗਾ ।

ਅਜੇਹੇ ਉੱਚੇ ਤੇ ਸੁੱਚੇ ਸਾਹਿਤਕ ਕਾਰਜਾਂ ਨੂੰ ਸਿਰੇ ਚਾੜ੍ਹਦਾ ਚਿਰਾਗ਼ ਸੁਹਜ-ਸ਼ਾਸਤਰ ਦੇ ਸਰਬ ਪ੍ਰਵਾਨਤ ਸਾਹਿਤਕ ਮਾਪ ਦੰਡਾਂ ਨੂੰ ਦ੍ਰਿਸ਼ਟੀ-ਗੋਚਰ ਕਰਦਾ ਹੋਇਆ ਕਲਾਤਮਿਕ ਪੱਧਰ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕਰੇਗਾ ।

ਸੰਵਾਦ ਤੇ ਗਹਿਰ-ਗੰਭੀਰ ਵਾਦ-ਵਿਵਾਦ ਦੀ ਵਿਧੀ ਅਪਣਾਉਂਦਿਆਂ ਇਹ ਪੱਤਰ, ਧਾਰਮਕ ਮੂਲਵਾਦ, ਫਿਰਕਾ-ਪ੍ਰਸਤੀ ਤੇ ਪੁਨਰ-ਸੁਰਜੀਤੀਵਾਦ ਦੇ ਮਨੁੱਖ-ਵਿਰੋਧੀ ਪੈਂਤੜਿਆਂ ਨੂੰ ਰੱਦ ਕਰਦਾ ਇਨਸਾਨ-ਦੋਸਤੀ ਤੇ ਮਨੁੱਖੀ-ਪਿਆਰ ਦੇ ਉੱਚੇ ਆਦਰਸ਼ਾਂ ਦੀ ਪੁਨਰ-ਸਥਾਪਨਾ ਲਈ ਆਪਣੇ ਸਾਹਿਤਕ ਯਤਨ ਜਾਰੀ ਰੱਖੇਗਾ ਅਤੇ ਸਾਰੇ ਚੰਗੇ ਲੇਖਕਾਂ ਦੀਆਂ ਨਰੋਈ ਦਿੱਖ ਵਾਲੀਆਂ ਰਚਨਾਵਾਂ ਪੇਸ਼ ਕਰਦਾ ਹੋਇਆ, ਸੰਕੀਰਣਤਾ ਤੋਂ ਬਚਣ ਦਾ ਯਤਨ ਕਰੇਗਾ ।

ਸਾਨੂੰ ਭਰੋਸਾ ਹੈ ਕਿ ਪੰਜਾਬੀ ਲੇਖਕ ਆਪਣੀਆਂ ਬਿਹਤਰੀਨ ਰਚਨਾਵਾਂ ਸਾਡੀ ਪਤ੍ਰਿਕਾ ਲਈ ਰਾਖਵੀਆਂ ਰੱਖਿਆ ਕਰਨਗੇ ।

ਹਰ ਪਰਚੇ ਨੂੰ ਜਾਰੀ ਕਰਨ ਤੇ ਇਸ ਦੀ ਲਗਾਤਾਰ ਪ੍ਰਕਾਸ਼ਨਾਂ ਦੇ ਰਾਹ ਵਿਚ ਮਾਇਕ ਜਥੇਬੰਦਕ ਤੇ ਸਾਹਿਤਕ ਔਕੜਾਂ ਤਾਂ ਪੇਸ਼ ਆਉਣੀਆਂ ਹੀ ਹਨ, ਪਰ ਸਾਨੂੰ ਆਸ ਹੈ ਅਸੀਂ ਪਾਠਕਾਂ ਦੀ ਮਿਲਵਰਤਣ ਨਾਲ ਇਹਨਾਂ ਉਤੇ ਕਾਬੂ ਪਾ ਲਵਾਂਗੇ ।

—ਹਰਭਜਨ ਸਿੰਘ ਹੁੰਦਲ



ਕਹਾਣੀ

# ਜ਼ਿੰਦਗੀ

—ਡਾ: ਐਸ. ਤਰਸੇਮ

ਸ਼ੀਸ਼ੇ ਨੇ ਫੇਰ ਅੱਜ ਉਸ ਨੂੰ ਚਿੜਾਇਆ ਸੀ । ਨਹੀਂ......ਨਹੀਂ ਅੱਜ ਤਾਂ ਸ਼ੀਸ਼ ਨੇ ਉਸ ਨੂੰ ਘੂਰਿਆ ਸੀ । ਉਹਨੂੰ ਸ਼ੀਸ਼ਾ ਤਾਂ ਹੁਣ ਨਿੱਤ ਹੀ ਘੂਰਦਾ ਸੀ । ਸ਼ੀਸ਼ਾ ਹੀ ਨਹੀਂ ਉਹਨੂੰ ਤਾਂ ਲਗਦਾ ਜਿਵੇਂ ਬਾਲਟੀ ਦਾ ਪਾਣੀ ਵੀ ਉਹਨੂੰ ਘੂਰਦਾ ਹੋਵੇ । ਨਹਾਉਣ ਤੋਂ ਪਹਿਲਾਂ ਜਦੋਂ ਉਹਦੀ ਨਿਗਾਹ ਬਾਲਟੀ ਦੇ ਪਾਣੀ ਤੇ ਟਿਕਦੀ, ਉਹ ਆਪਣਾ ਚਿਹਰਾ ਵੇਖ ਕੇ ਛਿੱਥਾ ਜਿਹਾ ਪੈ ਜਾਂਦਾ । ਇਕ ਅਜੀਬ ਜਿਹੀ ਨਮੋਸ਼ੀ ਉਹਨੂੰ ਆ ਘੇਰਦੀ ।

ਸ਼ੀਸ਼ਾ ਦੇਖਣਾ ਉਹਦੀ ਲੋੜ ਸੀ । ਅਕਸਰ ਉਹਦੇ ਉਤੇ ਇਕ ਦਿਨ ਵਿਚ ਸੈਂਕੜੇ ਨਜ਼ਰਾਂ ਘੁੰਮਣੀਆਂ ਹੁੰਦੀਆਂ । ਫੇਰ ਪੱਗ ਵੀ ਤਾਂ ਉਹਨੇ ਬੰਨ੍ਹਣੀ ਪਿਛਲੇ ਮਹੀਨੇ ਹੀ ਸਿੱਖੀ ਸੀ । ਚਲੋ ਦਾੜ੍ਹੀ ਦੀ ਤਾਂ ਕੋਈ ਗੱਲ ਨਹੀਂ ਸੀ—ਨਾ ਕੱਟਣੀ ਸੀ, ਨਾ ਬੰਨ੍ਹਣੀ ਸੀ । ਪਰ ਬਾਕੀ ਸਾਰਾ ਚਿਹਰਾ ਤਾਂ ਕਾਲਜ ਜਾਣ ਤੋਂ ਪਹਿਲਾਂ ਉਹਨੇ ਇਕ ਵਾਰ ਚੰਗੀ ਤਰ੍ਹਾਂ ਦੇਖਣਾ ਹੀ ਹੁੰਦਾ ।

ਕਦੇ ਪ੍ਰੋ: ਅੱਗਰਵਾਲ ਘਰੋਂ ਨਿਕਲਣ ਤੋਂ ਪਹਿਲਾਂ ਬੜੀ ਰੀਝ ਨਾਲ ਸ਼ੀਸ਼ਾ ਵੇਖਿਆ ਕਰਦਾ ਸੀ । ਉਹਨੂੰ ਆਪਣਾ ਖ਼ੂਬਸੂਰਤ ਚਿਹਰਾ ਵੇਖਕੇ ਆਪਣੇ ਆਪ ਤੇ ਰਸ਼ਕ ਜਿਹਾ ਆਉਂਦਾ—ਫੁੱਟ ਵਰਗਾ ਗੋਰਾ ਰੰਗ. ਪਿਆਲੇ ਵਰਗੀਆਂ ਮੋਟੀਆਂ ਕਾਲੀਆਂ ਅੱਖਾਂ, ਨਿੱਕਾ ਜਿਹਾ ਤੀਰ ਵਰਗਾ ਤਿੱਖਾ ਨੱਕ, ਕੁੜੀਆਂ ਵਰਗੀ ਮੂੰਹ ਫਾੜ ਵਾਲਾ ਛੋਟਾ ਜਿਹਾ ਮੂੰਹ ਜਿਸਨੂੰ ਗੁਲਾਬ ਦੀਆਂ ਪੱਤੀਆਂ ਵਰਗੇ ਦੋ ਬੁੱਲ੍ਹ ਹੋਰ ਸੁੰਦਰ ਬਣਾਉਂਦੇ, ਨਿੱਕੇ-ਨਿੱਕੇ ਚੌਲਾਂ ਵਰਗੇ ਦੰਦ, ਚੌੜੇ ਮੱਥੇ ਹੇਠਾਂ ਇਹਨਾਂ ਨੈਣ-ਨਕਸ਼ਾਂ ਨਾਲ ਉਹ ਫਬ-ਫਬ ਪੈਂਦਾ । ਵਾਲ ਵੀ ਰੀਝ ਨਾਲ ਵਾਹੁੰਦਾ । ਉਹਦੇ ਖੱਬੇ ਪਾਸੇ ਸੂਤੇ-ਸਿੱਧ ਹੀ ਚੀਰ ਨਿਕਲ ਜਾਂਦਾ, ਪਰ ਫੇਰ ਵੀ ਉਹ ਕਿੰਨਾ-ਕਿੰਨਾ ਚਿਰ ਸਿਰ 'ਚ ਕੰਘਾ ਫੇਰਦਾ ਰਹਿੰਦਾ । ਜਿਨਾਂ ਚਿਰ ਕੰਘਾ ਫਰਦਾ ਰਹਿੰਦਾ, ਓਨਾ ਚਿਰ ਹੀ ਉਹਨੂੰ ਸ਼ੀਸ਼ੇ ਸਾਹਮਣੇ ਹੋਰ ਖੜੇ ਹੋਣ ਦਾ ਮੌਕਾ ਮਿਲਦਾ । ਇਕ ਪ ਸੇ ਕੰਘਾ ਫੇਰਨ ਨਾਲ ਸਿਰ ਵਿਚ ਮਾਲਸ਼ ਜਹੀ ਹੁੰਦੀ ਰਹਿੰਦੀ ਤੇ ਦੂਜੇ ਪਾਸੇ ਉਹਨੂੰ ਆਪਾ ਨਿਹਾਰਣ ਦਾ ਚੰਗਾ ਖ਼ਾਸਾ ਮੌਕਾ ਮਿਲਦਾ ਰਹਿੰਦਾ । ਪਰ ਹੁਣ ਇਹ ਸਭ ਕੁਝ ਇਕ ਸੁਪਨਾ ਜਿਹਾ ਬਣਕੇ ਰਹਿ ਗਿਆ ਸੀ । ਹੁਣ ਸੀ ਉਹਦੇ ਪੱਲੇ—ਨਮੋਸ਼ੀ, ਉਦਾਸੀ, ਦੋ ਚਿੱਤੀ ਤੇ ਹੀਣ-ਭਾਵਨਾ । ਇਸ ਹੀਣ ਭਾਵਨਾ ਨਾਲ ਉਹਨੂੰ ਕਈ ਵਾਰ ਤਰੇਲੀਆਂ ਜਿਹੀਆਂ ਆ ਜਾਂਦੀਆਂ ।

ਮੰਡੀ ਬੱਸ ਕਤਲ ਕਾਂਡ ਪਿਛੋਂ ਪ੍ਰੋ: ਅਗਰਵਾਲ ਦੀ ਜ਼ਿੰਦਗੀ ਵਿਚ ਜਿਹੜੀ ਤਬਦੀਲੀ ਆਈ ਸੀ, ਉਹਨੇ ਉਹਦੇ ਸਾਰੇ ਅਸੂਲਾਂ ਨੂੰ ਉਹਦੀਆਂ ਅੱਖਾਂ ਸਾਹਮਣੇ ਕੀਚਰ-ਕੀਚਰ ਕਰ ਦਿਤਾ ਸੀ । ਹੁਣ ਤਾਂ ਇਹਨਾਂ ਅਸੂਲਾਂ ਦੀਆਂ ਉਸ ਕੋਲ ਸਿਰਫ਼ ਕਿਰਚਾਂ ਹੀ ਸਨ,

ਜਿਹੜੀਆਂ ਅਕਸਰ ਉਸਦੀ ਆਤਮਾ ਨੂੰ ਜ਼ਖਮੀ ਕਰਦੀਆਂ ਰਹਿੰਦੀਆਂ । ਉਹਨੂੰ ਆਪਣਾ ਛੇ ਫੁੱਟ ਤੋਂ ਵਧ ਉੱਚਾ ਕੱਦ ਬੌਣਾ ਜਿਹਾ ਲਗਦਾ । ਜਿਹੜੇ ਮਨੋਵਿਗਿਆਨ ਦੇ ਸਿਧਾਂਤ ਉਹ ਹੋਰਾਂ ਤੇ ਲਾਗੂ ਕਰਕੇ ਵੇਖਿਆ ਕਰਦਾ ਸੀ, ਹੁਣ ਜਦੋਂ ਉਹੀ ਸਿਧਾਂਤ ਉਹ ਆਪਣੇ ਆਪ ਤੇ ਲਾਗੂ ਕਰਦਾ ਸੀ ਤਾਂ ਉਸਨੂੰ ਕੋਈ ਸਹੀ ਸਿੱਟਾ ਨਿਕਲਦਾ ਪ੍ਰਤੀਤ ਨਾ ਹੁੰਦਾ । ਉਹਨੂੰ ਲਗਦਾ ਜਿਵੇਂ ਉਹ ਸਭ ਕੁਝ ਭੁੱਲ ਗਿਆ ਹੋਵੇ ਅਤੇ ਜ਼ਿੰਦਗੀ ਵਿਚ ਜਦੋਂ ਉਹਨੂੰ ਆਪਣੇ ਅਸੂਲਾਂ ਤੋਂ ਦਿਸ਼ਾ ਗ੍ਰਹਿਣ ਕਰਨ ਦਾ ਮੌਕਾ ਮਿਲਿਆ ਹੋਵੇ, ਉਹ ਭੱਜ ਕੇ ਦੂਰ ਕਿਸੇ ਹੋਰ ਛੱਤਰੀ ਦੀ ਓਟ ਲੈਣ ਲਈ ਚਲਾ ਗਿਆ ਹੋਵੇ । ਅਸਲ ਵਿਚ ਉਹਨੂੰ ਤਾਂ ਲਗਦਾ ਕਿ ਪ੍ਰੋ: ਮੋਹਨ ਅਗਰਵਾਲ ਹੁਣ ਮਰ ਚੁੱਕਾ ਹੈ। ਹੁਣ ਤਾਂ ਉਹ ਸਿਰਫ ਤੁਰਦੀ-ਫਿਰਦੀ ਲਾਸ਼ ਹੈ ।

ਪ੍ਰੋ: ਮੋਹਨ ਅਗਰਵਾਲ ਮੰਡੀ ਬੱਸ ਕਤਲ ਕਾਂਡ ਵਿਚੋਂ ਬਚਣ ਵਾਲਾ ਦੂਜੇ ਫਿਰਕੇ ਦਾ ਇਕੋ-ਇਕ ਯਾਤਰੀ ਸੀ । ਇਕ ਫਿਰਕੇ ਦੇ ਸਾਰੇ ਮੁਸਾਫਰਾਂ ਨੂੰ ਹੇਠਾਂ ਉਤਾਰ ਲਿਆ ਗਿਆ । ਕੋਈ ਸ਼ੋਰ ਨਹੀਂ ਸੀ । ਕਿਸੇ ਨੇ ਸਾਹ ਤੱਕ ਨਹੀਂ ਸੀ ਕੱਢਿਆ—ਨਾਂ ਬੱਸ ਦੇ ਹੇਠਾਂ ਖੜ੍ਹਿਆਂ ਨੇ ਤੇ ਨਾ ਬੱਸ ਦੇ ਵਿਚ ਬੈਠਿਆਂ ਨੇ । ਹੇਠਾਂ ਖੜ੍ਹਿਆਂ ਲਈ ਜਿਵੇਂ ਅੱਜ ਕਾਲਾ ਸੂਰਜ ਚੜ੍ਹਿਆ ਹੋਵੇ । ਕਿਰਨਾਂ ਉਹਨਾਂ ਲਈ ਜਿਵੇਂ ਜ਼ਿੰਦਗੀ ਦਾ ਨਹੀਂ, ਮੌਤ ਦਾ ਪੈਗਾਮ ਲਿਆ ਰਹੀਆਂ ਹੋਣ ।

ਬੱਸ ਨੂੰ ਮੇਨ ਰੋਡ ਤੋਂ ਲਿੰਕ ਰੋਡ ਤੇ ਲਿਜਾਣ ਲਈ ਹੁਕਮ ਦੇਣ ਵਾਲੇ ਹਥਿਆਰ ਬੰਦ ਤਿੰਨ ਮੁੱਛ-ਫੁੱਟ ਗਭਰੂਆਂ ਸਾਹਮਣੇ ਡਰਾਇਵਰ ਨੇ ਟੱਸ ਤੋਂ ਮੱਸ ਵੀ ਨਹੀਂ ਸੀ ਕੀਤੀ। ਰਿਵਾਲਵਰ ਦੀ ਨੋਕ 'ਤੇ ਜਿੱਧਰ ਡਰਾਈਵਰ ਕੋਲ ਖੜਾ ਮੁੰਡਾ ਇਸ਼ਾਰਾ ਕਰੀ ਗਿਆ, ਉਹ ਉੱਧਰ ਨੂੰ ਬੱਸ ਮੋੜੀ ਗਿਆ ।

ਸੂਰਜ ਦੀ ਟਿੱਕੀ ਅੰਬਰ ਦੀ ਹਿੱਕ ਪਾੜ ਕੇ ਬਾਹਰ ਆ ਰਹੀ ਸੀ, ਪਰ ਕੁਝ ਲੋਕਾਂ ਲਈ ਇਹ ਰੌਸ਼ਨੀ ਜਿਵੇਂ ਪਲਾਂ-ਛਿਣਾਂ ਦੀ ਮਹਿਮਾਨ ਹੋਵੇ । ਠਾਹ—ਠਾਹ—ਠਾਹ—ਪੰਦਰਾਂ ਕੁ ਮਿੰਟ ਸਵੇਰ ਦੀ ਚੁਪ ਨੂੰ ਤੋੜਦੀ ਬਾਰੂਦੀ ਆਵਾਜ਼ ਨੰਗਾ ਨਾਚ ਨੱਚਦੀ ਰਹੀ ਸੀ । ਪ੍ਰੋ: ਅਗਰਵਾਲ ਨੇ ਵੀ ਬਾਹਰ ਖੜੇ ਹੋਰ ਮੁਸਾਫਰਾਂ ਵਾਂਗ ਉਹਨਾਂ ਦੇ ਸਾਹਮਣੇ ਗਰਦਨ ਨੀਵੀਂ ਕਰ ਰੱਖੀ ਸੀ । ਗਰਦਨ ਨੀਵੀਂ ਕਰਨ ਸਮੇਂ ਹੀ ਜਿਵੇਂ ਉਸਨੇ ਸੋਚਿਆ ਸੀ ਕਿ ਉਹ ਮਰ ਚੁੱਕਾ ਹੈ । ਜੱਫਾ ਪਾ ਕੇ ਇਕ ਨੂੰ ਸੁੱਟ ਲੈਣ ਦਾ ਖਿਆਲ ਜਿਵੇਂ ਆ ਕੇ ਉਦੋਂ ਹੀ ਫਰਾਰ ਹੋ ਗਿਆ ਸੀ । ਉਹ ਕੁਝ ਨਹੀਂ ਸੀ ਕਰ ਸਕਿਆ । ਉਸਦੇ ਪੇਟ ਤੇ ਮੋਢੇ 'ਚ ਦੋ ਗੋਲੀਆਂ ਲੱਗੀਆਂ ਸਨ । ਗੋਲੀਆਂ ਲੱਗਣ ਪਿੱਛੋਂ ਵੀ ਉਹਦੀ ਖੱਬੀ ਲੱਤ ਹਿੱਲ ਗਈ ਸੀ ਤੇ ਜਾਂਦਾ-ਜਾਂਦਾ ਇਕ ਗੱਭਰੂ ਰਿਲਾਲਵਰ ਨਾਲ ਤੀਜੀ ਗੋਲੀ ਹੋਰ ਦਾਗ ਗਿਆ ਸੀ, ਜਿਹੜੀ ਪ੍ਰੋਫੈਸਰ ਦੇ ਜਬਾੜੇ ਨੂੰ ਚੀਰਦੀ ਹੋਈ ਖੱਖੜੀ ਵਾਂਗ ਪਾੜ ਗਈ ਸੀ ।

ਤਿੰਨੇ ਗੱਭਰੂ ਬੜੇ ਆਰਾਮ ਨਾਲ ਕੱਚੀ ਸੜਕ ਵੱਲ ਹੋ ਤੁਰੇ ਸਨ । ਬੱਸ ਦੇ ਵਿਚ ਬੈਠੇ ਮੁਸਾਫਰਾਂ ਉੱਤੇ ਜਿਵੇਂ ਭੈਅ ਨੇ ਟੂਣਾ ਕਰ ਦਿਤਾ ਹੋਵੇ । ਕਈਆਂ ਦੀਆਂ ਅੱਖਾਂ ਵਿਚੋਂ



ਹੰਝੂ ਵੀ ਵਹਿ ਰਹੇ ਸਨ । ਇਕ ਬਜ਼ੁਰਗ ਦੀ ਦਾੜ੍ਹੀ ਹੰਝੂਆਂ ਨਾਲ ਪਲਾਂ ਵਿਚ ਹੀ ਭਿੱਜ ਗਈ ਸੀ ।

"ਹੇ ਗੁਰੂ ਮਹਾਰਾਜ ! ਸੁਮੱਤ ਬਖਸ਼ ਇਹਨਾਂ ਨੌਜਵਾਨਾਂ ਨੂੰ ।" ਇਕ ਹਉਕੇ ਜਿਹੇ ਨਾਲ ਬਜ਼ੁਰਗ ਦੀ ਅਰਦਾਸ ਵਾਤਾਵਰਨ ਨੂੰ ਫਿਰ ਗੂੰਗਾ ਕਰ ਗਈ ਸੀ ।

ਬਜ਼ੁਰਗ ਦੇ ਬੋਲ ਸ਼ਾਇਦ ਪ੍ਰੋ: ਅਗਰਵਾਲ ਦੇ ਕੰਨੀਂ ਵੀ ਪਏ ਹੋਣ, ਪਰ ਉਸ ਤੋਂ ਪਿਛੋਂ ਦੂਜੇ ਦਿਨ ਹੀ ਉਹਨੂੰ ਪਤਾ ਲੱਗਾ ਕਿ ਉਹ ਹਸਪਤਾਲ ਵਿਚ ਹੈ ।

ਪ੍ਰੋ: ਅੱਗਰਵਾਲ ਪਹਿਲੇ ਦੋ ਹਫ਼ਤੇ ਮੌਤ ਵਿਰੁੱਧ ਸੰਘਰਸ਼ ਕਰਦਾ ਰਿਹਾ । ਜਦੋਂ ਡਾ: ਗੁਰਮੁੱਖ ਸਿੰਘ ਦੇ ਤੀਜੇ ਓਪ੍ਰੇਸ਼ਨ ਕਰਨ ਪਿਛੋਂ ਟੱਬਰ ਦੇ ਮੁਰਝਾਏ ਚਿਹਰਿਆਂ ਤੇ ਰੌਣਕ ਜਿਹੀ ਆ ਗਈ ਸੀ ਤਾਂ ਮਿਸਿਜ਼ ਸੁਮਨ ਅੱਗਰਵਾਲ ਦੀਆਂ ਲੱਤਾਂ ਵਿਚ ਵੀ ਜਿਵੇਂ ਪਹਿਲਾਂ ਨਾਲੋਂ ਵਧੇਰੇ ਬਲ ਆ ਗਿਆ ਹੋਵੇ । ਪਹਿਲਾਂ ਉਹ ਪ੍ਰੋ: ਅੱਗਰਵਾਲ ਦੇ ਜ਼ਖਮੀ ਜਿਸਮ ਨੂੰ ਵੇਖਕੇ ਕੰਬ ਜਿਹੀ ਜਾਂਦੀ । ਉਸ ਤੋਂ ਇਕ ਪੱਲ ਵੀ ਉਹਦੇ ਸਾਹਮਣੇ ਬੈਠਿਆ ਨਾ ਜਾਂਦਾ । ਉਹਦੇ ਪਤੀ ਦਾ ਹੱਡੀਆਂ ਦੀ ਮੁੱਠ ਬਣਿਆ ਸ਼ਰੀਰ ਉਹਨੂੰ ਬੜਾ ਓਪਰਾ ਤੇ ਡਰਾਉਣਾ ਜਿਹਾ ਜਾਪਦਾ । ਉਹ ਬੈਠੀ-ਬੈਠੀ ਡਿਗਦੀ-ਡਿਗਦੀ ਮਸਾਂ ਬਚਦੀ । ਕਈ ਵਾਰੀ ਉਹਦਾ ਕੋਈ ਸਾਕ-ਸੰਬੰਧੀ ਉਹਦਾ ਮੋਢਾ ਫੜ੍ਹਕੇ ਉਹਨੂੰ ਸਹਾਰਾ ਦਿੰਦਾ, ਪਰ ਜਦੋਂ ਦੀ ਅੱਗਰਵਾਲ ਦੀ ਜ਼ਿੰਦਗੀ ਡਾ: ਗੁਰਮੁਖ ਸਿੰਘ ਨੇ ਸੁਮਨ ਦੀ ਝੋਲੀ ਪਾਈ ਸੀ, ਉਹਦੇ ਚਿਹਰੇ ਤੇ ਰੌਣਕ ਜਿਹੀ ਆ ਗਈ ਸੀ : ਜਿਵੇਂ ਕੋਈ ਮੁਰਝਾਇਆ ਗੁਲਾਬ ਫਿਰ ਟਹਿਕ ਪਿਆ ਹੋਵੇ । ਅੱਗਰਵਾਲ ਦੇ ਮਾਪਿਆਂ ਤੇ ਸਹੁਰਿਆਂ ਵਿਚ ਵੀ ਜਿਵੇਂ ਜਾਨ ਪੈ ਗਈ ਹੋਵੇ ।

ਦੋ ਮਹੀਨਿਆਂ ਤੋਂ ਲਗਾਤਾਰ ਇਲਾਜ ਪਿੱਛੋਂ ਪ੍ਰੋ: ਅੱਗਰਵਾਲ ਤੁਰਨ-ਫਿਰਨ ਜੋਗਾ ਤਾਂ ਹੋ ਗਿਆ ਸੀ, ਪਰ ਉਹਦਾ ਚਿਹਰਾ ਬਿਲਕੁਲ ਹੀ ਓਪਰਾ ਤੇ ਅਜੀਬ ਜਿਹਾ ਲੱਗ ਰਿਹਾ ਸੀ । ਜਬਾੜੇ ਕੋਲ ਦੀ ਲੰਘੀ ਗੋਲੀ ਨਾਲ ਉਹਦੇ ਮੂੰਹ ਦਾ ਖੱਬਾ ਹਿੱਸਾ ਕੁਝ ਟੇਢਾ ਜਿਹਾ ਹੋ ਜਾਣ ਕਾਰਨ ਓਪਰਾ-ਓਪਰਾ ਲਗਦਾ । ਜ਼ਖਮਾਂ ਦੇ ਨਿਸ਼ਾਨਾਂ ਨਾਲ ਉਹਦੇ ਗੋਰੇ ਰੰਗ ਤੇ ਜਿਵੇਂ ਗ੍ਰਹਿਣ ਜਿਹਾ ਲੱਗ ਗਿਆ ਹੋਵੇ ।

ਸਿਰ ਉੱਤੇ ਬਾਵਰੀਆਂ ਅਤੇ ਚਿਹਰੇ ਤੇ ਖੜੇ ਕੰਡਿਆਂ ਵਾਂਗ ਵਾਲ ਅੱਗਰਵਾਲ ਦੀ ਸ਼ਕਲ ਨੂੰ ਬਿਲਕੁਲ ਬੇਪਛਾਣ ਬਣਾ ਰਹੇ ਸਨ । ਜਦੋਂ ਵੀ ਅੱਗਰਵਾਲ ਵਾਲ ਕਟਾਉਣ ਦੀ ਗੱਲ ਕਰਦਾ, ਸੁਮਨ ਕੰਧ ਬਣਕੇ ਉਸਦੇ ਸਾਹਮਣੇ ਆ ਖੜੀ ਹੁੰਦੀ, ਉਸ ਸੁਮਨ ਲਈ ਕਿਸੇ ਵੇਲੇ ਦਾੜ੍ਹੀ ਕੇਸ ਕਿਸੇ ਅਜਨਬੀ ਦੀ ਜ਼ਿੰਦਗੀ ਵਾਂਗ ਸਨ, ਹੁਣ ਉਹੀ ਦਾੜ੍ਹੀ ਕੇਸ ਜਿਵੇਂ ਉਹਨੂੰ ਚੰਗੇ-ਚੰਗੇ ਲਗਦੇ । ਉਹਨੂੰ ਸਮਝ ਨਾ ਆਉਂਦੀ ਕਿ ਦਾੜ੍ਹੀ ਕੇਸ ਉਹਨੂੰ ਸੋਹਣੇ ਲਗਦੇ ਹਨ ਜਾਂ ਉਹ ਉਨ੍ਹਾਂ ਦੇ ਸੋਹਣੇ ਹੋਣ ਦਾ ਭਰਮ ਪਾਲ ਰਹੀ ਹੈ । ਬੇਵਸੀ ਵਿਚ ਫਸੀ ਸੁਮਨ ਅੱਗਰਵਾਲ ਨੂੰ ਕੀ ਸਵੇਰ, ਕੀ ਆਥਣ, ਬੱਸ ਇਹੋ ਸਲਾਹ ਦਿੰਦੀ, ਬਈ ਦਾੜ੍ਹੀ ਕੇਸ ਰੱਖ ਲਓ । ਉਹਦੀ ਪਹਿਲੀ ਦਲੀਲ ਤਾਂ ਇਹ ਹੁੰਦੀ ਕਿ ਉਹਦਾ ਜ਼ਖਮਾਂ ਵਾਲਾ ਚਿਹਰਾ ਵਾਲਾਂ ਨਾਲ ਢੱਕਿਆ ਜਾਵੇਗਾ, ਪਰ ਸਿਰ ਦੇ ਵਾਲਾਂ ਲਈ ਉਸ ਕੋਲ ਆਪਣੇ ਸੁਹਾਗ ਦਾ ਵਾਸਤਾ ਪਾਉਣ ਤੋਂ ਬਿਨਾਂ ਹੋਰ ਕੋਈ ਤਰਕ ਨਾ ਹੁੰਦਾ ।

ਅੱਗਰਵਾਲ ਸੋਚਦਾ, ਰਾਜਸਥਾਨ ਵਿਚ ਜੰਮੀ-ਪਲੀ ਸੁਮਨ ਕਿੰਨੀ ਬਦਲ ਗਈ ਹੈ । ਕਦੇ ਉਹ ਉਹਦੇ ਕੇਸਾਧਾਰੀ ਦੋਸਤਾਂ ਦੀਆਂ ਨਕਲਾਂ ਲਾਹੁੰਦੀ ਹੁੰਦੀ ਸੀ । ਪਤਾ ਨਹੀਂ ਕੀ-ਕੀ ਉਹਨਾਂ ਬਾਰੇ ਟਿੱਪਣੀਆਂ ਕਰ ਜਾਂਦੀ । ਉਹਨਾਂ ਨਾਲ ਜੋੜਕੇ ਕਈ ਕਿਸਮ ਦੇ ਚੁਟਕਲੇ ਸੁਣਾਉਂਦੀ, ਪਰ ਹੁਣ ਉਹੀ ਸੁਮਨ ਆਪਣੇ ਪਤੀ ਨੂੰ ਸਿੱਖੀ ਸਰੂਪ ਵਿਚ ਵੇਖਣ ਲਈ ਜ਼ਿੱਦ ਕਰ ਰਹੀ ਸੀ । ਇਹ ਪਤਨੀ ਦੀ ਜ਼ਿੱਦ ਸੀ ਜਾਂ ਉਹਦਾ ਆਪਣਾ ਅੰਦਰਲਾ ਹੀ ਹਿੱਲ ਗਿਆ ਸੀ——ਤਿੰਨ ਮੁੱਛ-ਫੁੱਟ ਗੱਭਰੂ, ਗੋਲੀਆਂ ਦੀ ਠਾਹ-ਠਾਹ ਤੇ ਬੱਸ ਫਰ ਚੁੱਪ । ਹੋ ਸਕਦਾ ਹੈ ਇਸ ਸੋਚ ਨੇ ਹੀ ਉਸਦਾ ਮਨ ਹਿਲਾ ਦਿਤਾ ਹੋਵੇ । ਕਾਲਜ ਵਿਚ ਹਾਜ਼ਰ ਹੋਣ ਤੋਂ ਪਹਿਲਾਂ-ਪਹਿਲਾਂ ਉਹ ਕੇਸਾਧਾਰੀ ਸਜ ਗਿਆ ਸੀ ।

ਪੂਰੇ ਛੇ ਮਹੀਨੇ ਪਿਛੋਂ ਪ੍ਰੋ: ਅੱਗਰਵਾਲ ਨੇ ਕਾਲਜ ਜਾਣਾ ਸ਼ੁਰੂ ਕੀਤਾ ਸੀ । ਅਜੇ ਉਹ ਗੇਟ ਦੇ ਅੰਦਰ ਹੀ ਵੜਿਆ ਸੀ, ਉਸਨੂੰ ਅਜੀਬ ਜਿਹਾ ਹਾਸਾ ਸੁਣਾਈ ਦਿਤਾ । ਜਦੋਂ ਉਹ ਪਿੱਛੇ ਝਾਕਿਆ, ਪਿੱਛੇ ਤਾਂ ਕੋਈ ਵੀ ਨਹੀਂ ਸੀ । ਹਾਸੇ ਦਾ ਛਣਕਾਟਾ ਜਿਹਾ ਤਾਂ ਉਸਨੂੰ ਪਿੱਛੋਂ ਸੁਣਿਆ ਸੀ । ਉਹਨੂੰ ਲੱਗਿਆ ਜਿਵੇਂ ਕੋਈ ਹੱਸਕੇ ਭੱਜ ਗਿਆ ਹੋਵੇ ।

‘‘ਵੱਡਾ ਕਾਮਰੇਡ, ਦੇਖਿਆ ਇਕ ਝਟਕਾ ਨੀ ਝੱਲਿਆ ।’’ ਇਹ ਬੋਲ ਪ੍ਰੋ: ਤਾਰਨ ਸਿੰਘ ਦੇ ਸਨ ਜਾਂ ਉਹਨੂੰ ਐਵੇਂ ਭੁਲੇਖਾ ਹੀ ਲੱਗਾ ਸੀ ।

ਦਫਤਰ 'ਚ ਪ੍ਰਿੰਸੀਪਲ ਦੇ ਮੇਜ਼ ਸਾਹਮਣੇ ਬੈਠਿਆਂ ਉਹਨੂੰ ਲੱਗਿਆ ਜਿਵੇਂ ਤਾਰਨ ਸਿੰਘ ਉਹਦੇ ਵੱਲ ਟੇਢੀ ਨਜ਼ਰ ਨਾਲ ਵੇਖ ਰਿਹਾ ਹੋਵੇ, ਪਰ ਤਾਰਨ ਸਿੰਘ ਤਾਂ ਉਹਦੇ ਮੋਢੇ ਘੁੱਟੀ ਜਾ ਰਿਹਾ ਸੀ ।

‘‘ਅੱਗਰਵਾਲ ਸਾਹਿਬ ! ਕੋਈ ਸੇਵਾ ਦੱਸਿਆ ਕਰੋ । ਮਨ ਤੇ ਨਾ ਲਿਆਓ ਗੱਲ । ਵਾਹਿਗੁਰੂ ਨੇ ਤੁਹਾਨੂੰ ਮੁੜਕੇ ਜ਼ਿੰਦਗੀ ਬਖਸ਼ੀ ਹੈ । ਤੁਸੀਂ ਉਸ ਅਕਾਲ ਪੁਰਖ ਦਾ ਧੰਨਵਾਦ ਕਰੋ ।’’

ਪ੍ਰੋ: ਤਾਰਨ ਸਿੰਘ ਦੋ ਕੁ ਪਲ ਮੋਢੇ ਘੁੱਟਣ ਪਿੱਛੋਂ ਆਪਣੀ ਕੁਰਸੀ ਤੇ ਜਾ ਬੈਠਾ ਸੀ । ਅੱਗਰਵਾਲ ਚੁੱਪ-ਚਾਪ ਬੈਠਾ ਰਿਹਾ । ਸਭ ਰਸਮੀ ਗੱਲਾਂ ਤਾਂ ਸਾਰੇ ਸਟਾਫ਼ ਨਾਲ ਉਹਦੇ ਘਰ ਹੋ ਚੁੱਕੀਆਂ ਸਨ । ਕਾਲਜ 'ਚ ਸੁਣਾਉਣ ਵਾਲੀ ਨਵੀਂ ਗੱਲ ਤਾਂ ਉਸ ਕੋਲ ਕੋਈ ਵੀ ਨਹੀਂ ਸੀ ।

ਬੀ.ਏ. ਭਾਗ ਦੂਜਾ ਦਾ ਤੀਜਾ ਪੀਰੀਅਡ——ਡੀਮਾਂਡ ਐਂਡ ਸਪਲਾਈ ਵਾਲਾ ਚੈਪਟਰ । ਅੱਗਰਵਾਲ ਇਸ ਬਾਰੇ ਜੋ ਕੁਝ ਵੀ ਘਰੋਂ ਪੜ੍ਹਕੇ ਆਇਆ ਸੀ, ਉਸ ਵਿਚੋਂ ਅੱਧਾ ਵੀ ਹੁਣ ਉਹਦੇ ਯਾਦ ਨਹੀਂ ਸੀ । ਉਹਦੇ ਪ੍ਰਭਾਵ ਕਾਰਨ ਜਿਹੜੇ ਮੁੰਡੇ ਉਸ ਸਾਹਮਣੇ ਕਦੇ ਅੱਖ ਚੁੱਕ ਕੇ ਵੀ ਨਹੀਂ ਸੀ ਵੇਖਦੇ, ਉਹਨੂੰ ਲੱਗਿਆ ਜਿਵੇਂ ਉਹ ਉਸ ਵੱਲ ਅੱਖਾਂ ਪਾੜ-ਪਾੜ ਕੇ ਝਾਕ ਰਹੇ ਹੋਣ । ਕੁੜੀਆਂ ਦੀ ਮੁਸਕਾਨ ਵੀ ਉਹਨੂੰ ਅਜੀਬ ਜਿਹੀ ਲੱਗੀ । ਤਲਵਿੰਦਰ ਕੌਰ ਨੇ ਆਪਣਾ ਸੱਜਾ ਹੱਥ ਪਹਿਲਾਂ ਆਪਣੀ ਠੋਡੀ ਤੇ ਫੇਰਿਆ ਤੇ ਫੇਰ ਆਪਣੀ ਖੱਬੀ ਗੱਲ੍ਹ ਤੇ । ਪਰ ਪ੍ਰੋ: ਅੱਗਰਵਾਲ ਨੂੰ ਲਗਿਆ ਜਿਵੇਂ ਉਹ ਦੂਜੀ ਕੁੜੀ ਨੂੰ ਉਹਦੀ ਦਾੜ੍ਹੀ ਬਾਰੇ ਦੱਸ ਰਹੀ ਹੋਵੇ ਤੇ ਉਹ ਉਹਨੂੰ ਉਹਨਾਂ ਨਿਸ਼ਾਨਾਂ ਵੱਲ ਇਸ਼ਾਰਾ ਕਰ



ਰਹੀ ਹੋਵੇ ਜਿਹੜੇ ਉਹਦੀ ਸੱਜੀ ਗੱਲ੍ਹ ਤੇ ਗੋਲੀ ਵੱਜਣ ਪਿਛੋਂ ਜ਼ਖ਼ਮਾਂ ਕਾਰਨ ਬਣ ਗਏ ਸਨ । ਨਹੀਂ, ਇਹ ਕੁੜੀ ਇਸ ਤਰ੍ਹਾਂ ਨਹੀਂ ਕਰ ਸਕਦੀ । ਇਹ ਕੁੜੀ ਤਾਂ ਬਹੁਤ ਸਾਊ ਐ——ਇਸ ਸੋਚ ਨੇ ਪ੍ਰੋ: ਅੱਗਰਵਾਲ ਨੂੰ ਇਕ ਵਾਰ ਫੇਰ ਲੈਕਚਰ ਜਾਰੀ ਰੱਖਣ ਲਈ ਠੁੰਮਣਾ ਜਿਹਾ ਦੇ ਦਿਤਾ ।

ਘੰਟੀ ਵੱਜੀ, ਸੁਖਜੀਤ ਨਾਲ ਹੀ ਤੁਰ ਪਿਆ । ਉਹ ਅਕਸਰ ਪ੍ਰੋ: ਅੱਗਰਵਾਲ ਨਾਲ ਪਹਿਲਾਂ ਵੀ ਕਈ ਨੁਕਤਿਆਂ ਉੱਤੇ ਬਹਿਸ ਕਰ ਲੈਂਦਾ ਹੁੰਦਾ ਸੀ । ਇਸ ਲਈ ਉਹਦਾ ਨਾਲ ਤੁਰਨਾ ਪ੍ਰੋ: ਅੱਗਰਵਾਲ ਨੂੰ ਕੋਈ ਓਪਰਾ ਨਹੀਂ ਸੀ ਲੱਗਿਆ । ਦੋ ਵਾਰ ਉਹ ਘਰ ਵੀ ਉਹਦੀ ਖ਼ਬਰ ਲੈਣ ਗਿਆ ਸੀ ।

‘‘ਸੱਚੀਂ ਸਰ, ਦਾੜ੍ਹੀ ਥੋਡੇ ਬਹੁਤ ਜਚਦੀ ਐ । ਪੂਰੇ ਗੁਰਸਿੱਖ ਲਗਦੇ ਹੋ ।’’ ਸੁਖਜੀਤ ਦੇ ਬੋਲਾਂ ਵਿਚ ਗੰਭੀਰਤਾ ਸੀ ।

‘‘ਮਖੌਲ ਤਾਂ ਨੀ ਕਰਦਾ ?’’ ਅੱਗਰਵਾਲ ਦੇ ਬੋਲਾਂ ਵਿਚ ਤਾਂ ਗੰਭੀਰਤਾ ਹੋਣੀ ਹੀ ਸੀ ।

‘‘ਨਹੀਂ ਸਰ, ਮਹਾਰਾਜ ਦੀ ਸਹੁੰ, ਬਹੁਤ ਹੀ ਜਚਦੀ ਐ । ਘੋਨਾ ਜਿਹਾ ਸਿਰ ਵੀ ਕਿਤੇ ਸੋਹਣਾ ਲਗਦੇ ?’’ ਸੁਖਜੀਤ ਭਾਵੇਂ ਪੂਰੇ ਸਤਿਕਾਰ ਨਾਲ ਕਹਿ ਰਿਹਾ ਸੀ, ਪਰ ਪ੍ਰੋਫ਼ੈਸਰ ਨੂੰ ਲੱਗਿਆ ਜਿਵੇਂ ਕੋਈ ਉਹਦੇ ਦਿਲ ਤੇ ਛੁਰੀ ਫੇਰ ਗਿਆ ਹੋਵੇ ।

ਸਟਾਫ਼ ਰੂਮ ਨੂੰ ਜਾਣ ਵੇਲੇ ਉਹ ਤੁਰ ਨਹੀਂ ਸੀ ਰਿਹਾ, ਐਵੇਂ ਆਪਣੇ-ਆਪ ਨੂੰ ਘੜੀਸੀ ਜਿਹਾ ਜਾ ਰਿਹਾ ਸੀ ।

ਇਕ ਦਿਨ ਕਾਲਜ ਜਾ ਕੇ ਉਸਨੇ ਫੇਰ ਇਕ ਹਫਤੇ ਦੀ ਛੁੱਟੀ ਲੈ ਲਈ ਸੀ । ਇਕ ਪਾਸੇ ਹਸਪਤਾਲ ਦੇ ਹਜ਼ਾਰਾਂ ਰੁਪਏ ਦੇ ਮੈਡੀਕਲ ਬਿਲਾਂ ਤੇ ਲੱਗੇ ਸਕੱਤਰੇਤ ਵਲੋਂ ਇਤਰਾਜ਼, ਦੂਜੇ ਪਾਸੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਦੀਆਂ ਨਿਗਾਹਾਂ ਤੇ ਤੀਜੇ ਪਾਸੇ ਉਹਦੇ ਜ਼ਖ਼ਮਾਂ ਵਿਚ ਉਠਦੀਆਂ ਚੀਸਾਂ ਉਹਨੂੰ ਏਨਾ ਨਿਢਾਲ ਕਰ ਦਿੰਦੀਆਂ ਕਿ ਉਹਨੇ ਛੁੱਟੀ ਲੈਣੀ ਹੀ ਠੀਕ ਸਮਝੀ ਸੀ ।

ਬਿਸਤਰ ਤੇ ਪਏ ਪ੍ਰੋ: ਅੱਗਰਵਾਲ ਨੇ ਡੀਮਾਂਡ ਐਂਡ ਸਪਲਾਈ ਵਾਲੇ ਚੈਪਟਰ ਦਾ ਇਕ ਹੋਰ ਢੰਗ ਨਾਲ ਵਿਸ਼ਲੇਸ਼ਣ ਕੀਤਾ——ਪੰਜਾਬ ਵਿਚ ਕੇਸਾਧਾਰੀ ਹੋਣਾ ਸਮੇਂ ਦੀ ਡੀਮਾਂਡ ਹੈ ਤੇ ਸਮਾਜ ਸਪਲਾਈ ਕਰ ਰਿਹਾ ਹੈ ਉਸ ਬਦਲੇ ਪੰਜਾਬ ਨੂੰ ਮੋਨਿਆਂ ਤੋਂ ਕੇਸਾਧਾਰੀ । ਜੇ ਪੰਜਾਬ ਇਸ ਤਰ੍ਹਾਂ ਨਹੀਂ ਕਰੇਗਾ ਤਾਂ ਸੰਕਟ ਪੈਦਾ ਹੋ ਜਾਵੇਗਾ ਜਿਵੇਂ ਮਾਰਕੀਟ ਵਿਚ ਸਪਲਾਈ ਘੱਟ ਜਾਂ ਰੁਕ ਜਾਣ ਨਾਲ ਪੈਦਾ ਹੁੰਦਾ ਹੈ । ਪੰਜਾਬ ਤੋਂ ਬਾਹਰ ਰਹਿੰਦ ਕੇਸਾਧਾਰੀਆਂ ਨਾਲ ਵੀ ਇਵੇਂ ਹੁੰਦਾ ਹੈ । ਉਹ ਦਾੜ੍ਹੀ ਕੇਸ ਮਨਵਾਉਣ ਲਈ ਮਜਬੂਰ ਹਨ । ਇਹ ਉਹਨਾਂ ਸੂਬਿਆਂ ਦੀ ਮੰਗ ਹੈ ।

ਡਿਮਾਂਡ ਤੇ ਸਪਲਾਈ ਦੇ ਆਪਣੀ ਕਿਸਮ ਦੇ ਇਸ ਵਿਸ਼ਲੇਸ਼ਣ ਉਤੇ ਮੋਹਣ ਅੱਗਰਵਾਲ ਨੇ ਆਪ ਹੀ ਕਾਟਾ ਫੇਰ ਦਿਤਾ । ਉਹਦਾ ਮਨ ਇਕਦਮ ਚਾਂਦਨੀ ਚੌਂਕ ਪਹੁੰਚ ਗਿਆ । ਜੰਜੂ ਟਿੱਕੇ ਦੀ ਰਾਖੀ ਲਈ ਕੀਤੀ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਯਾਦ ਕਰਕੇ

ਉਹਦਾ ਸਿੱਖੀ ਸਿਦਕ ਸਾਹਮਣੇ ਸਿਰ ਝੁਕ ਗਿਆ । ਉਸਨੂੰ ਆਪਣੇ ਬਾਬੇ ਦੀ ਸੁਣਾਈ ਇਕ ਸਾਖੀ ਯਾਦ ਆਈ । ਗੁਰੂ ਗੋਬਿੰਦ ਸਿੰਘ ਜੀ ਦੇ ਮਾਲਵਾ ਭ੍ਰਮਣ ਨਾਲ ਸਬੰਧਤ——ਔਰੰਗਜ਼ੇਬ ਦੇ ਜ਼ੁਲਮਾਂ ਸਾਹਮਣੇ ਡਟ ਜਾਣ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਨਾਲ ਮਾਲਵੇ ਦੇ ਸੈਂਕੜੇ ਬ੍ਰਾਹਮਣ ਤੇ ਬਾਣੀਏ ਸਿੰਘ ਗਏ ਸਨ । ਉਹਦੇ ਬਾਬੇ ਦਾ ਪੜਦਾਦਾ ਟੇਕ ਚੰਦ ਵੀ ਗੁਰੂ ਸਾਹਿਬ ਦੇ ਪ੍ਰਭਾਵ ਨਾਲ ਹੀ ਟੇਕ ਸਿੰਘ ਸਜਿਆ ਸੀ । ਉਹਦਾ ਬਾਬਾ ਸੀ ਤਾਂ ਕੇਸਾਧਾਰੀ, ਪਰ ਨਾਂ ਉਹਦਾ ਸੀ ਘਨੱਈਆ ਮੱਲ । ਆਪਣੇ ਬਜ਼ੁਰਗ ਬਾਰੇ ਇਹ ਸੋਚ ਕੇ ਮੋਹਣ ਅੱਗਰਵਾਲ ਨੂੰ ਅਜੀਬ ਜਿਹੇ ਫ਼ਖ਼ਰ ਦਾ ਅਹਿਸਾਸ ਹੋਇਆ, ਪਰ ਦੂਜੇ ਹੀ ਪਲ ਉਹਦੇ ਚਿਹਰੇ ਦੀ ਸਾਰੀ ਲਾਲੀ ਉੱਤਰ ਗਈ, ਜਦੋਂ ਉਹਨੇ ਆਪਣੇ ਆਪ ਬਾਰੇ ਸੋਚਿਆ——ਕਿੱਥੇ ਟੇਕ ਸਿੰਘ ਤੇ ਕਿੱਥੇ ਮੋਹਣ ਅੱਗਰਵਾਲ । ਬਜ਼ੁਰਗ ਸਜੇ ਸਨ ਸਿੰਘ ਜ਼ੁਲਮ ਦੀ ਮੁਖ਼ਾਲਫ਼ਤ ਕਰਨ ਲਈ । ਅਸੀਂ ਸਜੇ ਹਾਂ ਸਿੰਘ ਸਿਰਫ਼ ਆਪਣੀ ਜਾਨ ਬਚਾ-ਉਣ ਲਈ——ਸ਼ੇਰ ਤੇ ਗਿੱਦੜ ਦੇ ਸੁਭਾਅ ਵਰਗਾ ਫ਼ਰਕ । ਮੋਹਨ ਅੱਗਰਵਾਲ ਦਾ ਜੀਅ ਕੀਤਾ ਉਹ ਹੁਣੇ ਜਾ ਕੇ ਆਪਣੇ ਪਹਿਲੇ ਰੂਪ ਵਿਚ ਆ ਜਾਵੇ, ਪਰ ਦੂਜੇ ਹੀ ਪਲ ਉਹਨੂੰ ਜਾਪਿਆ ਜਿਵੇਂ ਉਹ ਜਜ਼ਬਾਤੀ ਹੋ ਗਿਆ ਹੋਵੇ । ਦਾਅ-ਪੇਚ ਵੀ ਅਕਸਰ ਜ਼ਿੰਦਗੀ ਵਿਚ ਬੜਾ ਮਹੱਤਵ ਰੱਖਦੇ ਹਨ । ਅੰਦੋਲਨ ਦਾਅ-ਪੇਚ ਨਾਲ ਹੀ ਜਿਤੇ ਜਾ ਸਕਦੇ ਹਨ । ਨਿਰੇ ਹਿੱਕ ਦੇ ਜ਼ੋਰ ਨਾਲ ਲੜਨ ਵਾਲਾ ਅਕਸਰ ਮਾਤ ਖਾ ਜਾਂਦਾ ਹੈ । ਪਰ ਕੀ ਮੇਰਾ ਇਹ ਰੂਪ ਉਹ ਦਾਅ-ਪੇਚ ਐ ? ਹਾਂ ਵਿਚ ਸਿਰ ਹਿਲਾਉਣ ਨੂੰ ਉਹਦਾ ਦਿਲ ਨਾ ਮੰਨਿਆ । ਉਹਨੂੰ ਮਹਿਸੂਸ ਹੋਇਆ ਜਿਵੇਂ ਉਹ ਸੰਘਰਸ਼ ਤੋਂ ਭੱਜੀ ਕਿਸੇ ਸਿਆਸੀ ਪਾਰਟੀ ਦੇ ਰੋਲ ਨੂੰ ਦਾਅ-ਪੇਚ ਦਾ ਨਾਉਂ ਦੇ ਰਿਹਾ ਹੋਵੇ ।

ਜਿਸ ਤਰ੍ਹਾਂ ਦੀ ਜ਼ਿੰਦਗੀ ਉਹ ਜਿਉਂ ਰਿਹਾ ਹੈ, ਕੀ ਇਹ ਵੀ ਕੋਈ ਜ਼ਿੰਦਗੀ ਹੈ ?——ਕੰਧ ਦਾ ਸਹਾਰਾ ਲੈ ਕੇ ਉਹ ਮੁੜ ਉਠ ਕੇ ਬੈਠ ਗਿਆ ਸੀ । ਸੱਜੇ ਹੱਥ ਦੀਆਂ ਵੱਡੀਆਂ ਤਿੰਨ ਉਂਗਲਾਂ ਦਾੜ੍ਹੀ ਵਿਚ ਫੇਰੀਆਂ ਤੇ ਕਿੰਨਾ ਹੀ ਚਿਰ ਕੇਸਾਂ ਵਿਚ ਸੱਜੇ ਹੱਥ ਦੀਆਂ ਪੰਜੇ ਉਂਗਲਾਂ ਫੇਰਦਾ ਰਿਹਾ । ਵਾਲ ਰੇਸ਼ਮ ਵਰਗੇ ਕੂਲੇ ਸਨ । ਸੁਮਨ ਦੇ ਚਾਹ ਦਾ ਕੱਪ ਮੇਜ਼ 'ਤੇ ਰੱਖਣ ਤੇ ਹੀ ਉਹਨੂੰ ਪਤਾ ਲੱਗਿਆ ਕਿ ਉਹ ਆਪਣੇ ਕਮਰੇ ਵਿਚ ਹੀ ਹੈ । ਕਲਪਨਾ ਦੀ ਦੁਨੀਆਂ ਤੋਂ ਤਾਂ ਉਹ ਪਰਤ ਆਇਆ ਸੀ, ਪਰ ਅਜੇ ਵੀ ਉਹਦਾ ਦਿਲ ਤੇ ਦਿਮਾਗ ਉਹਦੇ ਉਸ ਮੂਲ ਸੁਆਲ ਦੁਆਲੇ ਹੀ ਘੁੰਮ ਰਿਹਾ ਸੀ ।

"ਕਿਉਂ ਸੁਮਨ, ਆਹ ਦਾੜ੍ਹੀ ਮੇਰੇ ਚੰਗੀ ਲਗਦੀ ਐ ?" ਗਰਮ ਚਾਹ ਦੀ ਘੁੱਟ ਭਰਦਿਆਂ ਉਸਦੀ ਜੀਭ ਨੂੰ ਸੇਕ ਲਗ ਗਿਆ ਸੀ ।

"ਹੋਰ ਕੀ ਨਹੀਂ ? ਤੁਸੀਂ ਪੂਰੇ ਸਰਦਾਰ ਜੀ ਲਗਦੇ ਓ, ਸਰਦਾਰ ਮੋਹਣ ਸਿੰਘ ਜੀ" ਸਾਹਮਣੇ ਖੜੀ ਸੁਮਨ ਦੇ ਚਿਹਰੇ ਤੇ ਆ ਰਹੀ ਮੁਸਕਾਨ ਫੇਰ ਪਰਤ ਗਈ ਸੀ ।

ਮੋਹਣ ਅੱਗਰਵਾਲ ਨੂੰ ਲੱਗਿਆ ਜਿਵੇਂ ਸੁਮਨ ਵੀ ਉਹਨੂੰ ਮਖ਼ੌਲ ਕਰ ਰਹੀ ਹੋਵੇ । ਫੇਰ ਉਹਨੂੰ ਜਾਪਿਆ ਜਿਵੇਂ ਸੁਮਨ ਨੇ ਆਪਣੇ ਆਪ ਨੂੰ ਮਖ਼ੌਲ ਕੀਤਾ ਹੋਵੇ । ਦਾੜ੍ਹੀ ਕੇਸ ਉਹਨੇ ਕਿਤੇ ਅਪਣੀ ਮਰਜ਼ੀ ਨਾਲ ਤਾਂ ਨਹੀਂ ਸੀ ਰੱਖੇ ? ਇਹ ਸਭ ਕੁਝ ਸੁਮਨ ਦੀ ਮਰਜ਼ੀ



ਨਾਲ ਹੋਇਆ ਸੀ । ਚਾਹ ਜਿਵੇਂ ਉਹਨੇ ਪੀਤੀ ਨਹੀਂ ਸੀ, ਬੱਸ ਐਵੇਂ ਛੇਤੀ-ਛੇਤੀ ਸੜ੍ਹਾਕ ਲਈ ਸੀ ।

"ਚੰਗਾ ਮੈਂ ਆਉਨਾ," ਕਹਿ ਕੇ ਮੋਹਨ ਅੱਗਰਵਾਲ ਇਕ ਦਮ ਘਰੋਂ ਬਾਹਰ ਨਿਕਲ ਗਿਆ । ਸੁਮਨ ਦੀ ਪਿਛੋਂ ਮਾਰੀ ਹਾਕ ਉਹਨੂੰ ਸੁਣੀ ਨਹੀਂ ਸੀ । ਸੁਮਨ ਦੀ ਕੋਈ ਗੱਲ ਹੁਣ ਉਹ ਸੁਣਨਾ ਵੀ ਨਹੀਂ ਸੀ ਚਾਹੁੰਦਾ । ਸਿਰਫ ਜਿਉਣ ਲਈ ਕੁਝ ਕਰਨਾ ਉਹਨੂੰ ਚੰਗਾ ਨਹੀਂ ਸੀ ਲੱਗ ਰਿਹਾ । ਉਹਨੂੰ ਮਹਿਸੂਸ ਹੋ ਰਿਹਾ ਸੀ ਕਿ ਉਹ ਠੀਕ ਫੈਸਲਾ ਲੈ ਰਿਹਾ ਹੈ । ਜੇ ਸੁਮਨ ਨੂੰ ਪੁੱਛ ਲਵਗਾ ਤਾਂ ਉਹ ਕੋਈ ਵੀ ਫੈਸਲਾ ਨਹੀਂ ਲੈ ਸਕੇਗਾ । ਦੋ-ਚਿੱਤੀ ਦਾ ਸ਼ਿਕਾਰ ਹੋ ਜਾਵੇਗਾ ।

ਮੋਹਨ ਅੱਗਰਵਾਲ ਦਾ ਸਕੂਟਰ ਕਾਲੂ ਨਾਈ ਦੀ ਦੁਕਾਨ ਸਾਹਮਣੇ ਇਕ ਪਲ ਰੁਕਿਆ ਤੇ ਫੇਰ ਗੋਲ ਚੱਕਰ ਦਾ ਗੇੜਾ ਲਾ ਕੇ ਨਹਿਰੂ ਰੋਜ਼ ਗਾਰਡਨ ਸਾਹਮਣੇ ਜਾ ਕੇ ਖੜ੍ਹ ਗਿਆ । ਪਾਰਕ ਦੇ ਅੰਦਰ ਗਿਆ । ਅੱਜ ਉਥੇ ਕੋਈ ਚਹਿਲ-ਪਹਿਲ ਨਹੀਂ ਸੀ । ਸੂਰਜ ਨੇ ਵਾਪਸੀ ਲਈ ਅਜੇ ਆਪਣੀਆਂ ਮੁਹਾਰਾਂ ਨਹੀਂ ਸਨ ਮੋੜੀਆਂ । ਧੁਪ ਦਾ ਸੇਕ ਅਜੇ ਵੀ ਜਿਸਮ ਨੂੰ ਚੁਭ ਰਿਹਾ ਸੀ । ਸੁਮਨ ਤੋਂ ਬਿਨਾਂ ਅੱਜ ਉਹ ਇਥੇ ਕੀ ਕਰਨ ਆਇਆ ਹੈ ?—ਉਹਨੂੰ ਸਮਝ ਨਹੀਂ ਸੀ ਆ ਰਿਹਾ । ਉਹਨੂੰ ਲੱਗਿਆ ਜਿਵੇਂ ਉਹ ਬੇਰੌਣਕ ਜਿਹੇ ਰਾਹਾਂ ਦਾ ਮੁਸਾਫਿਰ ਬਣ ਗਿਆ ਹੋਵੇ । ਕਿੱਥੇ ਕਾਲਜ ਦੀ ਰੌਣਕ ਤੇ ਕਿੱਥੇ ਧੁੱਪ ਦੇ ਸੇਕ ਨਾਲ ਮੁਰਝਾਇਆ ਇਹ ਨਹਿਰੂ ਰੋਜ਼ ਗਾਰਡਨ । ਇਹ ਸੋਚਕੇ ਉਹਨੂੰ ਕੱਲ੍ਹ ਕਾਲਜ ਜਾਣ ਬਾਰੇ ਖਿਆਲ ਆ ਗਿਆ । ਹੁਣ ਜੇ ਉਹ ਕਾਲੀਨ-ਸ਼ੇਵਨ ਹੋ ਕੇ ਕਾਲਜ ਜਾਵੇਗਾ, ਪ੍ਰੋਫੈਸਰ ਤੇ ਮੁੰਡੇ ਕੀ ਸੋਚਣਗੇ ? ਤਾਰਨ ਸਿੰਘ ਦੀ ਕੀ ਟਿੱਪਣੀ ਹੋਵੇਗੀ ? ਸੁਖਜੀਤ ਕੀ ਕਹੇਗਾ ?——ਸੋਚਦਿਆਂ-ਸੋਚਦਿਆਂ ਉਹਨੇ ਘਰ ਵਿਚ ਕੀਤਾ ਫੈਸਲਾ ਪਾਰਕ ਦੇ ਗੁਲਮੋਹਰ ਦੀ ਛਾਂ ਹੇਠਾਂ ਬਹਿ ਕੇ ਰੱਦ ਕਰ ਦਿਤਾ । ਹੁਣ ਉਹ ਇਸ ਵਿਸ਼ੇ ਬਾਰੇ ਨਹੀਂ ਸੋਚੇਗਾ । ਉਹ ਕਿਹੜਾ ਇਕੱਲਾ ਹੈ ? ਸਾਰੀ ਦੁਨੀਆਂ ਹੀ ਇਸ ਤਰ੍ਹਾਂ ਕਰੀ ਜਾ ਰਹੀ ਹੈ । ਇਸ ਸੋਚ ਨੇ ਮੋਹਨ ਅੱਗਰਵਾਲ ਨੂੰ ਭਰਪੂਰ ਤਸੱਲੀ ਦਿਤੀ ।

ਜ਼ਿੰਦਗੀ ਕਿਸ ਤਰ੍ਹਾਂ ਦੀ ਵੀ ਹੋਵੇ, ਇਹਨਾਂ ਹਾਲਾਤਾਂ ਵਿਚ ਉਹ ਇਸੇ ਤਰ੍ਹਾਂ ਜਿਉਂਦਾ ਰਹੇਗਾ । ਮੌਤ ਤੇ ਜ਼ਿੰਦਗੀ ਵਿਚੋਂ ਮੈਂ ਜ਼ਿੰਦਗੀ ਨੂੰ ਚੁਣਿਆ ਹੈ । ਚਲੋ ਜਿਹੋ-ਜਿਹੀ ਵੀ ਸਹੀ——ਇਸ ਖਿਆਲ ਨੇ ਜ਼ਿਉਣ ਦੀ ਖਾਹਸ਼ ਉਸ ਅੰਦਰ ਹੋਰ ਪ੍ਰਬਲ ਕਰ ਦਿਤੀ । ਘਾਹ ਦੀਆਂ ਦੋ ਕੁ ਤਿੜਾਂ ਨੂੰ ਜ਼ਰਾ ਕੁ ਝਟਕੇ ਨਾਲ ਤੋੜਦਾ ਹੋਇਆ ਉਹ ਖੜਾ ਹੋ ਗਿਆ ।

ਵਾਪਸੀ ਤੇ ਪ੍ਰੋ: ਅੱਗਰਵਾਲ ਭੈਣਾਂ ਦੀ ਹੱਟੀ ਸਾਹਮਣੇ ਜਾ ਕੇ ਰੁਕ ਗਿਆ । ਰੁਕਿਆ ਹੀ ਨਹੀਂ, ਹੱਟੀ ਅੰਦਰ ਜਾ ਵੜਿਆ । ਉਹਨੂੰ ਯਾਦ ਸੀ ਕਿ ਕੱਲ੍ਹ ਦੁਪਹਿਰ ਪਿਛੋਂ ਉਸਨੇ ਅਪਣੇ ਸਹੁਰੇ ਜਾਣਾ ਹੈ, ਆਪਣੇ ਬੇਟੇ ਨੂੰ ਮਿਲਣ । ਉਸ ਨਾਲ ਹੋਏ ਹਾਦਸੇ ਪਿਛੋਂ ਸੁਮਨ ਦੀ ਮਾਂ ਨੇ ਆਪਣੇ ਤਿੰਨ ਵਰ੍ਹਿਆਂ ਦੇ ਇਸ ਦੋਹਤਰੇ ਨੂੰ ਆਪਣੇ ਕੋਲ ਰੱਖ ਲਿਆ ਸੀ ।

ਹੱਟੀ ਵਿਚ ਉਹਦੀ ਨਜ਼ਰ ਸ਼ੋਅ ਕੇਸ ਵਿਚ ਪਏ ਸਾਰੇ ਖਿਡੌਣਿਆਂ ਦਾ ਚੱਕਰ ਮਾਰਕੇ ਇਕ ਪਿਸਤੌਲ 'ਤੇ ਜਾ ਟਿਕੀ। ਪਰ ਛੇਤੀ ਹੀ ਪਿਸਤਲ ਬਾਰੇ ਸੋਚਕੇ ਉਹ ਘਬਰਾ ਜਿਹਾ ਗਿਆ। ਫੇਰ ਇਕ ਹੋਰ ਖਿਡੌਣੇ ਉੱਤੇ ਨਜ਼ਰ ਕਿੰਨਾ ਚਿਰ ਟਿਕੀ ਰਹੀ——ਪਲਾਸਟਿਕ ਦੀ ਬਣੀ ਕਿਸ਼ਤੀ ਵਿਚ ਇਕ ਬੱਚਾ ਖੜ੍ਹਾ ਮੁਸਕਰਾ ਰਿਹਾ ਹੈ। ਉਸਦੇ ਸਿਰ ਉੱਤੇ ਲਈ ਟੋਪੀ ਦੇ ਮੱਥੇ ਵਾਲੇ ਥਾਂ ਉੱਤੇ ਸੂਰਜ ਬਣਿਆ ਹੋਇਆ ਹੈ, ਗਲ ਵਿਚ ਬਸਤਾ ਹੈ, ਮੂੰਹ ਵਿਚ ਬੰਸਰੀ ਹੈ। ਉਸਨੂੰ ਇਹ ਖਿਡੌਣਾ ਸਭ ਤੋਂ ਵੱਧ ਪਸੰਦ ਆਇਆ।

ਘਰ ਦੀ ਘੰਟੀ ਦਾ ਬਟਨ ਦੱਬਣ ਸਮੇਂ ਮੋਹਨ ਅੱਗਰਵਾਲ ਵਿਚ ਅਜੀਬ ਜਿਹਾ ਹੌਂਸਲਾ ਸੀ। ਦਰਵਾਜ਼ਾ ਖੁਲ੍ਹਿਆ। ਟਿਯੂਬ ਦੀ ਰੌਸ਼ਨੀ ਵਿਚ ਪਤੀ-ਪਤਨੀ ਦੀਆਂ ਨਜ਼ਰਾਂ ਵੀ ਮਿਲੀਆਂ ਤੇ ਹੱਥ ਵੀ। ਖਿਡੌਣਾ ਵੇਖਕੇ ਸੁਮਨ ਦੇ ਚਿਹਰੇ ਦੀ ਮੁਸਕਾਨ ਨੇ ਪ੍ਰੋਫੈਸਰ ਅੱਗਰਵਾਲ ਦੇ ਚਿਹਰੇ 'ਤੇ ਵੀ ਰੌਣਕ ਲੈ ਆਂਦੀ। ਪ੍ਰੋ: ਅੱਗਰਵਾਲ ਦੇ ਚਿਹਰੇ ਤੇ ਇਸ ਤਰ੍ਹਾਂ ਦੀ ਰੌਣਕ ਮੰਡੀ ਬੱਸ ਕਤਲ ਕਾਂਡ ਪਿਛੋਂ ਸੁਮਨ ਨੇ ਅੱਜ ਪਹਿਲੀ ਵਾਰ ਵੇਖੀ ਸੀ।

821, ਗੁਰੂ ਨਾਨਕ ਕਾਲੋਨੀ
ਮਲੇਰਕੋਟਲਾ।

□

# ਗ਼ਜ਼ਲ

## ਸੁਰਿੰਦਰ ਗਿੱਲ

ਏਥੇ ਓਪਰੀ ਹੀ ਲੱਗੂ ਗ਼ਮਾਂ ਮੇਰਿਆਂ ਦੀ ਗੱਲ।
ਕਿਵੇਂ ਕਰਾਂ ਦੁੱਖਾਂ ਦਰਦਾਂ ਘਣੇਰਿਆਂ ਦੀ ਗੱਲ।

ਜਦੋਂ ਤੁਰੇ ਸੀ ਤਾਂ ਦਗਦਾ ਸੀ ਸੂਰਜ ਕੋਈ,
ਬੜੀ ਨਿੱਕੀ ਤੇ ਨਿਗੂਣੀ ਸੀ ਹਨੇਰਿਆਂ ਦੀ ਗੱਲ।

ਅਜੇ ਓਵੇਂ ਦੀ ਹੈ ਓਵੇਂ ਰਤੀ ਫਰਕ ਨਾ ਪਿਆ,
ਲੁੱਟ ਸ਼ਾਹਾਂ ਦੀ ਤੇ ਚਿੱਟਿਆਂ ਲੁਟੇਰਿਆਂ ਦੀ ਗੱਲ।

ਕੰਮਾਂ ਧੰਦਿਆਂ ਦੇ ਚੱਕਰਾਂ 'ਚ ਗੁੰਮ ਹੀ ਗਏ,
ਭੋਲੇ ਭਾਲੇ ਨਿੱਕੇ ਪਿੰਡ ਦੇ ਸਵੇਰਿਆਂ ਦੀ ਗੱਲ।

ਨਵੇਂ ਰਾਹਾਂ ਉੱਤੇ ਜਦੋਂ ਕਿਸੇ ਪੈਰ ਪੁੱਟਿਆ,
ਸੱਪ ਸੂਲ ਬਣੀ ਸਾਧਾਂ ਦਿਆਂ ਡੇਰਿਆਂ ਦੀ ਗੱਲ।

ਕਿਵੇਂ ਰੜਕਦੀ ਸੀ ਅੱਜ ਕਿਵੇਂ ਭੁੱਲ ਹੀ ਗਏ,
ਕੱਚੇ ਕੋਠਿਆਂ ਦੇ ਖੁਰਦੇ ਬਨੇਰਿਆਂ ਦੀ ਗੱਲ।

ਆਓ ਫੇਰ ਤੋਂ ਉਹ ਜਜ਼ਬਾ ਜਗਾਈਏ ਦੋਸਤੋ!
ਮੇਰਾ ਗੀਤ ਬਣੇ ਉੱਚਿਆਂ ਫਰੇਰਿਆਂ ਦੀ ਗੱਲ।

20, ਜਰਮਨੀਦਾਸ ਪਾਰਕ, ਕਪੂਰਥਲਾ

★



# ਚੰਗਾ ਹੋਇਆ......

## —ਮੇਜਰ ਪਿਆਰਾ ਸਿੰਘ

ਚੰਗਾ ਹੋਇਆ
ਤੂੰ ਇਹ ਪੁੱਛਿਆ ਹੀ ਨਹੀਂ
ਕਿ ਮੈਂ ਕਿਉਂ ਫਿਰ ਤੁਰ ਪਿਆ ਹਾਂ—
ਸੰਘਣੀ ਪਲਕਾਂ ਦੀ ਛਾਂ ਛੱਡ ਕੇ —
ਬੇਨਿਸ਼ਾਨ ਮੰਜ਼ਲਾਂ ਪਿੱਛੇ,
ਸੁੰਞੇ ਉਜਾੜ ਰਸਤਿਆਂ ਉੱਤੇ
ਜਿਨ੍ਹਾਂ ਵਿਚ ਨਾ ਕਿਤੇ ਕੋਈ ਜੰਡ ਹੈ
ਨਾ ਮਲ੍ਹਾ-ਝਾੜੀ
ਨਾ ਕੋਈ ਕੱਕਾ ਕਰੀਰ

ਇਹ ਤਿਰੀ ਆਦਤ ਜਿਹੀ ਏ—
—ਜਾਂ ਸ਼ਾਇਦ—
ਇਹ ਫ਼ਿਤਰਤ ਹੈ ਤੇਰੀ
ਹਾਂ
ਇਹ ਤਿਰੀ ਫ਼ਿਤਰਤ ਹੀ ਹੈ
—ਕਿਉਂ ਜੋ—
ਤੂੰ ਕਦੇ ਇਹ ਦੱਸਿਆ ਸੀ
—ਤਿਤਲੀਆਂ ਦੇ ਹਾਣ ਦੀ ਉਮਰੇ
ਤਿਤਲੀਆਂ ਦੇ ਨਾਲ ਖੇਡਣ ਤੋਂ ਵਡੇਰਾ
ਸ਼ੌਕ ਸੀ ਤੇਰਾ
ਤਿਤਲੀਆਂ ਦੇ ਖੰਭ ਖੋਹ ਕੇ
ਪੁਸਤਕਾਂ ਦੇ ਪੰਨਿਆਂ ਤੇ ਚੇਪ ਲੈਣਾ
ਤੇ
ਅਨੇਕਾਂ ਵਾਰ
ਤੂੰ ਇਹ ਚਾਂਭਲੇ ਹੋਏ ਪਲਾਂ ਦੇ ਰੂਬਰੂ ਐਲਾਨ ਕੀਤਾ ਏ—
—ਮੇਰੇ ਲਈ
ਉਹ ਫੁੱਲ ਕੋਈ ਵੁਕਅਤ ਨਹੀਂ ਰਖਦਾ
ਜੋ ਛਡਕੇ ਗੋਦ ਟਹਿਣੀ ਦੀ
ਮਿਰੇ ਜੂੜੇ 'ਚ ਨਹੀਂ ਸੱਜਦਾ

ਜਾਂ
ਬਿਖਰ ਕੇ ਪੱਤੀ ਪੱਤੀ
ਮਿਰੇ ਬਿਸਤਰ ਤੇ ਨਹੀਂ ਵਿਛਦਾ

ਇਹ ਵੱਖਰੀ ਗੱਲ ਹੈ
—ਡੂੰਘਾ ਦੁਖਾਂਤ—
ਕਿ ਜਿਹੜਾ ਵੀ ਕੋਈ ਫੁੱਲ
ਤੂੰ ਕਦੇ ਸਰਘੀ ਦੀ ਉਮਰੇ
ਚਾਈਂ ਚਾਈਂ
ਅਣਵਗੇ, ਉਲਝੇ ਹੋਏ ਵਾਲਾਂ 'ਚ ਟੁੰਗਿਆ

ਉਹੀ
ਸੂਰਜ ਦੀ ਪਹਿਲੀ ਕਿਰਨ ਦੀ ਛੁਹ ਪਾਉਂਦਿਆਂ ਹੀ
ਤੜਫ ਕੇ ਧਰਤੀ ਤੇ ਆ ਡਿੱਗਾ

ਅਤੇ
ਸੰਝ ਦੇ ਉਨਾਬੀ ਪਰਦਿਆਂ ਪਿੱਛੇ
ਸੇਜ ਦਾ ਸ਼ਿੰਗਾਰ ਬਣੀਆਂ ਫੁੱਲ-ਪਤੀਆਂ
ਰਾਤ ਦੇ ਭਿੱਜਣ ਤੋਂ ਪਹਿਲਾਂ ਹੀ
ਹੌਂਕਦੇ ਸਾਹਾਂ ਦੇ ਤਾਅ ਵਿਚ
ਝੁਲਸ ਕੇ ਹੋਈਆਂ ਸੁਆਹ

ਫਿਰ ਜਦੋਂ ਅੱਜ
ਤਿੱਖੜ ਦੁਪਹਿਰੀਂ ਧੁੱਪ ਵਿਚ ਘੁਲ ਕੇ
ਪਲ-ਪਲ ਹੋਰ ਲੰਮੇ ਹੋ ਰਹੇ ਪ੍ਰਛਾਵਿਆਂ ਵਲ ਨਜ਼ਰ ਉਠਦੀ ਏ
ਕਲੇਜਾ ਕੰਬ ਜਾਂਦਾ ਏ
—ਕਿੰਨੀਆਂ ਕੁ ਸੂਹੀਆਂ ਸਰਘੀਆਂ !
ਕਿੰਨੀਆਂ ਕੁ ਹੋਰ ਮਘਦੀਆਂ ਸੰਧੂਰੀ ਸ਼ਾਮਾਂ !
ਪਰ ਫ਼ਿਤਰਤ ਤਾਂ ਫ਼ਿਤਰਤ ਹੈ
ਜੋ ਸਾਹਾਂ ਨਾਲ ਨਿਭਦੀ ਹੈ

ਅਤੇ
ਭਟਕਣ ਦੇ ਮਾਰੂਥਲ ਦਾ ਕੇਵਲ ਆਰਲਾ ਕੰਢਾ ਹੀ ਹੁੰਦਾ ਏ

ਫਿਰ ਵੀ ਅਨੇਕਾਂ ਵਾਰ
ਤੇਰੇ ਇਸ ਸੁਭਾਅ ਤੇ ਰਸ਼ਕ ਕਰਕੇ ਲੋਚਿਆ ਹੈ ਮੈਂ



ਕਾਸ਼ !
ਮੈਨੂੰ ਵੀ ਕਦੇ ਤੇਰੇ ਜਿਹੀ ਉਹ ਨਿਗ੍ਹਾ ਮਿਲ ਜਾਂਦੀ

ਕਿ ਮੈਨੂੰ
ਆਪਣੀ ਚੀਚੀ ਦਾ ਕੰਡਾ
ਕਿਸੇ ਦੂਜੇ ਦੇ ਸੀਨੇ ਵਿਚ ਖੁੱਭੇ ਖੰਜਰ ਤੋਂ ਵੱਡਾ ਨਜ਼ਰ ਆ ਸਕਦਾ
ਤੇ ਮੈਂ ਵੀ
ਇਸ ਵਿਹਾਰਕ, ਅਲਫ਼ ਨੰਗੇ ਸੱਚ ਨੂੰ ਤਸਲੀਮ ਕਰ ਸਕਦਾ

ਕਿ
ਧੁਖਦੇ ਦਰਦ, ਜਜ਼ਬੇ, ਭਾਵਨਾ, ਅਹਿਸਾਸ ਦਾ ਰਿਸ਼ਤਾ
ਕੋਈ ਰਿਸ਼ਤਾ ਨਹੀਂ ਹੁੰਦਾ

ਅਤੇ
ਇਸਦੀ ਹਕੀਕਤ
ਗਉਂ ਗ਼ਰਜ਼ ਦੀ ਨੰਗਨਤਾ ਦੇ ਕੂਹਜ ਨੂੰ ਕੱਜਣ ਵਾਲੀ
ਇਕ ਅੱਧ-ਫਟੇ ਉਹੜਨ ਤੋਂ ਵੱਧ ਕੁਝ ਵੀ ਨਹੀਂ

ਚੰਗਾ ਹੋਇਆ
ਤੂੰ ਜੋ ਇਹ ਪੁਛਿਆ ਹੀ ਨਹੀਂ
ਜੇ ਕਦੇ ਤੂੰ ਪੁੱਛ ਲੈਂਦੀ
ਕੀ ਖ਼ਬਰ !
ਕਿ ਚੀਕਣੇ ਬੋਲਾਂ ਦੀ ਤਿਲਕਣ ਤੋਂ ਤਿਲਕ ਕੇ
ਜ਼ਬਤ ਮੇਰੇ ਦਾ ਕੜ ਹੀ ਪਾਟ ਜਾਂਦਾ
ਤੇ ਮੈਂ
ਆਪਣੇ ਸੀਨੇ 'ਚ ਖੁਭੀਆਂ ਅਨੇਕਾਂ ਕਾਨੀਆਂ ਵਿਚੋਂ
ਕੋਈ ਇਕ-ਅੱਧ, ਲਹੂ-ਤ੍ਰਿਪਦੀ, ਅੱਧ-ਟੁੱਟੀ
ਪੁੱਟ ਕੇ ਤੇਰੀ ਤਲੀ ਤੇ ਰੱਖ ਦੇਂਦਾ
ਤੇ ਐਵੇਂ
ਕੋਈ ਗੁਸਤਾਖ਼ ਜਹੀ ਅੱਥਰੀ ਤਰੇੜ
ਤੇਰੀ ਹਉਂ ਦੇ ਝਿਲਮਿਲਾਂਦੇ ਸ਼ੀਸ਼ੇ ਉਤੇ ਉਭਰ ਆਉਂਦੀ

ਅਤੇ
ਆਪਣੇ ਹੀ ਚਿਹਰੇ ਤੇ ਮਗਨ ਹੋ ਕੇ ਟਿਕੀ ਤੇਰੀ ਨਜ਼ਰ
ਬਿਨ-ਵਜਾ ਬੇਚੈਨ ਹੋ ਉੱਠਦੀ
ਜਾਂ ਸ਼ਾਇਦ

ਤਿਰੇ ਸੰਗਮਰਮਰੀ ਅਹਿਸਾਸ ਦੇ ਕੋਰੇ,
ਅਛੂਹ ਦਾਮਨ ਤੇ ਕੋਈ ਲਹੂ ਰੰਗਾ ਦਾਗ਼ ਪੈ ਜਾਂਦਾ
ਜਾਂ
ਆਪਣੇ ਆਪ ਵਿਚ ਸਿਮਟੀ ਤਿਰੀ ਸੰਵੇਦਨਾ ਦੇ
ਅਹਿੱਲ, ਠੰਡੇ, ਠਰੇ, ਸ਼ਖ਼ ਪਾਣੀਆਂ ਵਿਚ
ਮੱਠੇ ਮੱਠੇ ਦਰਦ ਦੀ ਕੋਈ ਕੋਸੀ ਕੋਸੀ ਲਹਿਰ ਉੱਠਦੀ
ਇਹ ਕੇਹਾ ਗ਼ਜ਼ਬ ਹੋ ਜਾਂਦਾ
ਤੇ ਫਿਰ ਮੈਂ ਇਸ ਗੁਨਾਹ ਦੇ ਭਾਰ ਤੋਂ ਮੁਕਤੀ ਲਈ
ਕਿਹੜੇ ਪਾਵਨ ਤੀਰਥਾਂ ਦੇ ਰਸਤਿਆਂ ਦੀ ਧੂੜ ਫੱਕਦਾ
ਭਟਕਦਾ ਫਿਰਦਾ

ਚਲੋ
ਚੰਗਾ ਹੀ ਹੋਇਆ
ਤੂੰ ਜੋ ਕੁਝ ਪੁਛਿਆ ਹੀ ਨਹੀਂ !

ਕਲਾ ਨਿਕੇਤਨ (ਕੰਡਾਲਾ),
ਡਾ: ਧਰਮਗੜ੍ਹ, ਜ਼ਿ: ਰੋਪੜ

□

## ਗ਼ਜ਼ਲ

—ਸੁਭਾਸ਼ ਕਲਾਕਾਰ

ਮੰਜ਼ਿਲ ਆਪਣੀ ਢੂੰਡਦੇ ਹੱਦ 'ਚੋਂ ਗੁਜ਼ਰ ਜਾਂਦੇ ਨੇ ਲੋਕ,
ਨਿੱਤ ਨਵਾਂ ਰਸਤਾ ਬਦਲਕੇ ਅਕਸਰ ਠਹਿਰ ਜਾਂਦੇ ਨੇ ਲੋਕ ।
ਮੌਤ ਦੀ ਦਹਲੀਜ਼ ਤੇ ਮਹਿਰਾਬ ਆਪਣੀ ਜ਼ਿੰਦਗੀ,
ਚੁੰਮ ਨਹੀਂ ਸਕਦੇ ਮਗਰ ਹੇਠਾਂ ਉਤਰ ਜਾਂਦੇ ਨੇ ਲੋਕ ।
ਨਿੱਤ ਹਵਾ ਦੀ ਪਿੱਠ ਤੇ ਬਾਲਕੇ ਰਖਦੇ ਚਿਰਾਗ਼,
ਇਕ ਜ਼ਰੂਰਤ ਵਾਸਤੇ ਤੱਕ, ਦਰ ਬਦਰ ਜਾਂਦੇ ਨੇ ਲੋਕ ।
ਨਾ ਮਲਾਹ, ਨਾ ਕਿਨਾਰਾ, ਨਾ ਜਜ਼ੀਰਾ, ਨਾ ਖਿਜਰ,
ਰੋਜ ਲਹਿਰਾਂ ਦੀ ਤਰ੍ਹਾਂ ਚੁਪਚਾਪ ਤਰ ਜਾਂਦੇ ਨੇ ਲੋਕ ।
ਮੌਤ ਦੇ ਮੂੰਹ ਜਾਨ ਧਾਕੇ ਝੂੰਮਦੇ, ਪਰ ਦੋਸਤੋ,
ਵੇਖ ਕੇ ਸਾਇਆ ਪਰਾਇਆ ਡਰ ਨਾਲ ਮਰ ਜਾਂਦੇ ਨੇ ਲੋਕ ।

291/7 ਲੇਬਰ ਕਾਲੋਨੀ, ਅਰਬਨ ਅਸਟੇਟ, ਬਟਾਲਾ

□



## ਨੱਚੀਕੇਤਾ* ਦੀ ਤਲਾਸ਼

—ਹਰਵਿੰਦਰ ਭੰਡਾਲ

ਅੱਜ ਦੇ ਨੱਚੀਕੇਤਾ ਨੂੰ ਸਮਝ ਨਹੀਂ ਲੱਗ ਰਹੀ
ਕਿ ਉਹ ਕਿਧਰੇ ਥਲਾਂ 'ਚ ਗਵਾਚ ਗਈ
ਸੱਚ ਦੀ ਸਰਸਵਤੀ ਕਿੱਥੇ ਤਲਾਸ਼ ਕਰੇ ?

ਉਸ ਸੁਣਿਆਂ ਸੀ
ਕਿ ਪਿੰਡ ਕੁਦਰਤ ਦੀ ਨਿੱਘੀ ਗੋਦ ਹੁੰਦੇ ਹਨ
ਪਰ ਏਥੇ ਤਾਂ ਪਿੰਡਾਂ 'ਚ ਅੱਠੇ ਪਹਿਰ
ਧੂੰਏਂ 'ਚ ਦਮ ਘੁੱਟਦਾ ਹੈ
ਰਾਤ ਨੂੰ ਬਾਰੂਦ ਦਾ ਧੂੰਆਂ ਹੁੰਦਾ ਹੈ
ਤੇ ਦਿਨੇ ਸਿਵਿਆਂ ਦਾ
ਹਾਂ—ਚੁੱਲ੍ਹਿਆਂ ਦਾ ਧੂੰਆਂ ਜ਼ਰੂਰ ਫਿੱਕਾ ਪੈ ਗਿਆ ਹੈ
ਪਿੰਡ ਵੱਲ ਆਉਂਦੇ ਕੱਚੇ ਪਹਿਆਂ ਤੇ
ਸ਼ਾਮ ਢਲਣ ਤੋਂ ਪਹਿਲਾਂ ਹੀ
ਧੂੜ ਉਡਣੀ ਸ਼ੁਰੂ ਹੋ ਜਾਂਦੀ ਹੈ
ਰਾਤ ਨੂੰ ਅਕਾਸ਼ 'ਚ ਤਾਰੇ
ਡਰੇ-ਡਰੇ ਚੜ੍ਹਦੇ ਹਨ
ਤੇ ਸਵੇਰ ਦੀ ਪਹਿਲੀ ਕਿਰਨ ਨਾਲ ਹੀ
ਕਿੰਨੇ ਹੀ ਪੰਛੀਆਂ ਦੇ ਆਲ੍ਹਣੇ
ਤੀਲਾ-ਤੀਲਾ ਹੋਏ ਨਜ਼ਰ ਆਉਂਦੇ ਹਨ
ਕਿੰਨੇ ਹੀ ਰੁੱਖ ਉੱਖੜੇ
ਕਿਸੇ ਨਹਿਰ ਕੰਢੇ ਜਾਂ ਖੇਤਾਂ 'ਚ ਚੋਫਾਲ ਡਿੱਗੇ ਹੁੰਦੇ ਹਨ ।

ਸੋ ਅੱਜ ਦਾ ਨੱਚੀਕੇਤਾ
ਇਹ ਸਭ ਦ੍ਰਿਸ਼ ਦੇਖ ਪ੍ਰੇਸ਼ਾਨ ਹੋ ਗਿਆ ਹੈ
ਤੇ ਉਹ ਸ਼ਹਿਰਾਂ ਵੱਲ ਤੱਕਣ ਲੱਗ ਪਿਆ ਹੈ—
ਪਰ ਸ਼ਹਿਰਾਂ 'ਚ ਵੀ ਜ਼ਿੰਦਗੀ
ਲੰਙ ਮਾਰਕੇ ਹੀ ਤੁਰਦੀ ਹੈ

---

* ਹਿੰਦੂ ਮਿਥਿਹਾਸ ਅਨੁਸਾਰ ਇਕ ਰਿਸ਼ੀ-ਪੁੱਤਰ
ਜਿਸਨੇ ਧਰਮਰਾਜ ਪਾਸੋਂ ਮੌਤ ਬਾਰੇ ਸੱਚ ਜਾਣਿਆਂ ।

ਬਜ਼ਾਰ ਵਿੱਚ ਕਿਸੇ ਪੇਂਡੂ ਨੂੰ ਭਾਅ ਦੱਸਣ ਤੋਂ ਪਹਿਲਾਂ
ਬਾਣੀਏਂ ਉਸ ਨੂੰ ਨਜ਼ਰਾਂ ਨਾਲ ਤੋਲਦੇ ਹਨ
ਆਏ ਦਿਨ ਸੜਕਾਂ ਤੇ
ਨਫ਼ਰਤਾਂ ਦਾ ਛੜਕਾਅ ਹੁੰਦਾ ਹੈ
ਨੰਗੀਆਂ ਬਰਛੀਆਂ-ਤ੍ਰਿਸ਼ੂਲਾਂ ਦੀ ਨੁਮਾਇਸ਼ ਲਗਦੀ ਹੈ
ਇਬਾਦਤਗਾਹਾਂ ਦੇ ਸਪੀਕਰਾਂ ਦੀ ਅਵਾਜ਼
ਉੱਚੀ ਹੋ ਗਈ ਹੈ
ਪਰ ਨੱਚੀਕੇਤਾ ਨੇ ਆਪਣੇ ਕੰਨਾਂ ਉੱਤੇ ਹੱਥ ਧਰ ਲਏ ਹਨ ।
ਬੁਧੀਜੀਵੀਆਂ ਦੀਆਂ ਮਹਿਫਲਾਂ 'ਚ
ਬਹਿਸ ਦੀਆਂ ਅਵਾਜ਼ਾਂ ਧੀਮੀਆਂ ਪੈ ਗਈਆਂ ਹਨ
ਤੇ ਉਨ੍ਹਾਂ ਦੀ ਲਾਇਬਰੇਰੀ 'ਚ
ਵਾਰਿਸ ਦੀ 'ਹੀਰ' ਤੇ ਪੀਲੂ ਦਾ 'ਮਿਰਜ਼ਾ'
ਉਘੜ-ਦੁਗੜੇ ਪਏ ਨੀਲੇ-ਪੀਲੇ ਰਸਾਲਿਆਂ
ਤੇ ਕਿਤਾਬਾਂ ਦੇ ਢੇਰ 'ਚ
ਕਿਧਰੇ ਗੁੰਮ ਗਏ ਹਨ
ਨੱਚੀਕੇਤਾ ਨੂੰ ਬੁਧੀਜੀਵੀਆਂ ਦੀਆਂ ਐਨਕਾਂ
ਉਸ ਸ਼ੀਸ਼ੇ ਦੀਆਂ ਬਣੀਆਂ ਜਾਪਦੀਆਂ ਹਨ
ਜਿਸਦਾ ਰੰਗ ਧੁੱਪ ਅਨੁਸਾਰ ਬਦਲ ਜਾਂਦਾ ਹੈ ।

ਫਿਰ ਕੁਝ ਪੁਰਾਣੀਆਂ ਕੰਧਾਂ ਜਿਹੇ ਚਿਹਰੇ
ਨੱਚੀਕੇਤਾ ਦੇ ਰੂਬਰੂ ਹੁੰਦੇ ਹਨ
ਇਨ੍ਹਾਂ ਚਿਹਰਿਆਂ ਦੇ ਸਿਰਾਂ ਤੇ
ਕੂੜ ਦਾ ਤਾਜ ਹੈ
ਤੇ ਹੱਥ ਵਿੱਚ ਜਬਰ ਦਾ ਕੁਹਾੜਾ
ਪਰ ਬੁੱਲਾਂ ਤੇ ਅੱਕ ਦੇ ਦੁੱਧ ਵਰਗੀ ਮੁਸਕਾਨ ਖੇਡਦੀ ਹੈ
ਕਿਸੇ ਵੀ ਬਿਖਰੇ ਪਏ ਆਲ੍ਹਣੇ
ਜਾਂ ਉੱਖੜੇ ਹੋਏ ਰੁੱਖ ਕੋਲੋਂ
ਜੋ ਵੀ ਪੈੜ ਮਿਲਦੀ ਹੈ
ਨੱਚੀਕੇਤਾ ਨੂੰ ਉਹ ਸਿੱਧੀ ਇਨ੍ਹਾਂ ਚਿਹਰਿਆਂ ਦੇ
ਮਹੱਲਾਂ ਵੱਲ ਜਾਂਦੀ ਦਿਸਦੀ ਹੈ
ਤੇ ਨੱਚੀਕੇਤਾ ਸੋਚਾਂ ਦੀ ਝੀਲ 'ਚ ਉੱਤਰ ਜਾਂਦਾ ਹੈ,
ਸੋਚਾਂ ਦੇ ਮੰਥਨ ਪਿਛੋਂ
ਉਹ ਉਨ੍ਹਾਂ ਘਰਾਂ ਵੱਲ ਤੁਰ ਪੈਂਦਾ ਹੈ



ਜੋ ਸ਼ਹਿਰ 'ਚ ਵੀ ਹੁੰਦੇ ਹਨ ਤੇ ਪਿੰਡ 'ਚ ਵੀ
ਤੇ ਜਿੱਥੇ ਨਿੱਤ ਮਿਹਨਤ ਦੇ ਹੀ ਫੁਲ ਖਿੜਦੇ ਹਨ
ਏਥੇ ਕੁਝ ਬਚੇ ਹਨ ਨਿਰਛਲ ਅੱਖਾਂ ਵਾਲੇ
ਜੋ ਹੱਥਾਂ 'ਚ ਹੱਥ ਪਾਈ ਘੱਟੇ 'ਚ ਖੇਡ ਰਹੇ ਹਨ
ਨੱਚੀਕੇਤਾ ਨੂੰ ਇਹਨਾਂ ਬੱਚਿਆਂ ਦੇ ਹੱਥਾਂ 'ਚ
ਆਉਣ ਵਾਲਾ ਕੱਲ੍ਹ ਫੜਿਆ ਦਿਸਦਾ ਹੈ
ਤੇ ਉਸ ਨੂੰ ਲਗਦਾ ਹੈ
ਕਿ ਸੱਚ ਦੀ ਸਰਸਵਤੀ ਕਿਸੇ ਵੀ ਪਲ
ਇਨ੍ਹਾਂ ਬੱਚਿਆਂ ਦੀਆਂ ਅੱਖਾਂ 'ਚੋਂ ਨਿਕਲ
ਤਪਦੀ ਧਰਤੀ ਤੇ ਵਹਿਣ ਲੱਗ ਪਵੇਗੀ—
ਸੱਚ ਦੀ ਸਰਸਵਤੀ ਸਦਾ ਰੂਪੋਸ਼ ਨਹੀਂ ਰਹਿ ਸਕਦੀ ।

□

## ਗ਼ਜ਼ਲ

—ਸੁਰਜੀਤ ਸਾਜਨ

ਕੁਆਰੇ ਹਾਸਿਆਂ ਵਰਗੇ, ਅਛੋਹੇ ਨਗਮਿਆਂ ਵਰਗੇ,
ਮੇਰੇ ਸੁਪਨੇ ਜ਼ਿਬਾਹ ਹੋਏ, ਕਵੀ ਦੀ ਕਲਪਨਾ ਵਰਗੇ ।

ਮਖੌਟਾ ਪਾ ਲਿਆ ਭਾਵੇਂ ਤੁਸੀਂ ਚਿਹਰੇ ਤੇ ਕਵਿਤਾ ਦਾ,
ਮਗਰ ਨੀਰਸ ਤੁਸੀਂ ਵਿਚੋਂ ਹੋ ਪੁਸਤਕ ਸੂਚੀਆਂ ਵਰਗੇ ।

ਤੁਸੀਂ ਬੁਲ੍ਹ ਹੋ ਤਹਾਨੂੰ ਹੱਕ ਹੈ ਰੱਜਕੇ ਕਰੋ ਮਰਜ਼ੀ,
ਭਲਾ ਕੀ ਜ਼ੋਰ ਹੈ ਸਾਡਾ ਅਸੀਂ ਹਾਂ ਸਿਰਗਟਾਂ ਵਰਗੇ ।

ਕਿਸੇ ਨੇ ਮੋਹ ਦੀਆਂ ਫ਼ਸਲਾਂ ਨੂੰ ਦਾਤੀ ਆਣ ਪਾਈ ਹੈ,
ਕਰੁੱਤੇ ਵਕਤ ਤੇ ਆਏ ਨੇ ਇਹ ਦਿਨ ਵਾਢੀਆਂ ਵਰਗੇ ।

ਛਿੜੇ ਉਨ੍ਹਾਂ ਦੀ ਗੱਲ ਤੰਦੂਰ ਤੇ ਜਾਂ ਬੋਹੜ ਦੇ ਹੇਠਾਂ,
ਜਦੋਂ ਵੀ ਪਿੰਡ ਵਿਚ ਮਿਲਦੇ ਨੇ ਦੋ ਦਿਲ ਘੁੱਗੀਆਂ ਵਰਗੇ ।

ਗ਼ਜ਼ਲ ਨੂੰ ਕੱਢ ਲਿਆਇਆ ਹਾਂ ਮੈਂ ਰਿੰਦਾਂ ਸਾਕੀਆਂ ਵਿਚੋਂ,
ਗ਼ਜ਼ਲ ਵਿਚ ਬਿੰਬ ਵਰਤੇ ਨੇ ਘਰੀਣੀ ਦੇ ਘਰਾਂ ਵਰਗੇ ।

ਪੱਤੜ ਕਲਾਂ, ਜਲੰਧਰ—144806

□

ਨਜ਼ਮ

# ਤੋਤਾ, ਜਿੰਨ ਤੇ ਚਸ਼ਮਦੀਦ ਗਵਾਹ

—ਜਗਜੀਤ ਗਿੱਲ

ਉਹ ਜੋ ਮੇਰੇ ਸਮੁੰਦਰਾਂ 'ਚ ਉਤਰ ਗਏ
ਤੇ ਜਿਨ੍ਹਾਂ ਦੇ ਮੱਥੇ 'ਤੇ
ਮੈਂ ਕੋਸੇ ਚੁੰਮਣ ਨਾਲ ਅਲਵਿਦਾ ਵੀ ਨਾ ਲਿਖ ਸਕਿਆ
ਉਹ ਅੱਜ ਮੇਰੀ ਕਵਿਤਾ ਦੀ
ਪਹਿਲੀ ਇਬਾਰਤ ਬਣ ਗਏ

ਉਹ ਮੇਰੇ ਹਰ ਹਰਫ਼ ਨੂੰ ਸਿਜਦਾ ਕਰਦੇ ਸਨ
ਤੇ ਮੈਂ ਉਨ੍ਹਾਂ ਦੇ ਹੋਠਾਂ ਦੀ ਪੂਜਾ ਕਰਿਆ ਕਰਦਾ ਸਾਂ
ਉਦੋਂ ਕਿਤਾਬਾਂ ਨਹੀਂ ਸਨ ਹੁੰਦੀਆਂ
ਤੇ ਫਿਰ ਉਦੋਂ
ਅੱਖਾਂ ਹੀ ਸਾਡੀਆਂ ਇਬਾਦਤਗਾਹਾਂ ਸਨ

ਅਜ ਹਰ ਪੂਜਾ ਸਥਲ
ਸਾਡੀਆਂ ਅੱਖਾਂ 'ਚ ਚਿੱਟਾ ਮੋਤੀਆ ਬਣਕੇ ਉਤਰ ਆਇਆ ਹੈ
ਤੇ ਫਿਰ ਪੂਜਾ ਦੇ ਅਰਥ ਵੀ ਤਾਂ
ਖੰਡਰਾਂ ਦੇ ਨਾਂ ਨਾਲ
ਕਿੰਨਾ ਮੇਲ ਖਾਣ ਲੱਗ ਪਏ ਨੇ

ਉਹ ਹਲਕਾਈਆ ਸੋਚਾਂ ਵਾਲੇ ਬੰਦੇ
ਗਲੀਆਂ 'ਚ
ਭਟਕਣ ਲੱਗ ਪਏ ਨੇ
ਸਮਾਜ ਦੀ ਜੀਭ ਲਾਲਾਂ ਸੁੱਟਣ ਲੱਗ ਪਈ ਹੈ
ਤੇ ਅਸੀਂ ਹਾਲੇ ਵੀ
ਘਰਾਂ ਤੋਂ ਬੇਖ਼ਬਰ
ਰੇਤ ਦੇ ਢੇਰ 'ਚ ਘਰ ਘਰ ਖੇਡੀ ਜਾ ਰਹੇ ਹਾਂ

ਕੋਈ ਕਿੰਨਾ ਕੁ ਚਿਰ
ਬਿਗਾਨੀਆਂ ਖੁੱਡਾਂ 'ਚ ਬਹਿਕੇ



ਸੱਪ ਅਖਵਾ ਸਕਦਾ ਹੈ
ਤੇ ਗੁਫ਼ਾ 'ਚ ਰਹਿ ਕੇ
ਹਰ ਕੋਈ 'ਤੇ ਸ਼ੇਰ ਨਹੀਂ ਬਣਦਾ...

ਉਹ ਮੱਥੇ 'ਚ ਬਾਜ ਦੀ ਅੱਖ ਰੱਖਣ ਦਾ ਦਾਅਵਾ ਕਰਦੇ ਨੇ
ਪਰ ਖਰਸਾਏ ਜ਼ਿਹਨ 'ਚ
ਜੰਗਾਲੀ ਸੋਚ
ਸਿਰਫ ਖੱਟੀ ਲੱਸੀ ਨਾਲ ਨਹੀਂ ਲਿਸ਼ਕਾਈ ਜਾ ਸਕਦੀ
ਤੇ ਨਾ ਨਿੱਕਲ ਦੀ ਪਰਤ ਚੜ੍ਹ ਸਕਦੀ ਹੈ

ਹਰ ਹਨੇਰੀ ਰਾਤ 'ਤੇ
ਜੋ ਹਰ ਵੇਲੇ ਜਿੰਨ ਵਾਂਗ ਮੂੰਹ ਅੱਡੀ
ਹੁਣ ਇੱਕ ਵਾਰ ਨਹੀਂ
ਕਈ ਵਾਰ ਭੋਜਨ ਕਰਦੀ ਹੈ
ਤੇ ਉਹ ਜਿੰਨ ਵੀ ਹੁਣ ਆਪਣੀ ਜਾਨ
ਤੋਤੇ 'ਚ ਨਹੀਂ ਰੱਖਦਾ
ਤੋਤਾ ਤਾਂ ਆਏ ਦਿਨ ਮਰ ਜਾਂਦਾ ਹੈ
ਤੇ ਸ਼ਾਇਦ ਇਸੇ ਲਈ
ਅਸੀਂ ਅਲਫ਼ ਲੈਲਾ ਦੇ ਕਿੱਸਿਆਂ ਤੋਂ ਡਰਨ ਦੀ ਬਜਾਏ
ਉਨ੍ਹਾਂ ਨੂੰ ਆਪਣੇ ਜਿਸਮਾਂ 'ਤੇ
ਉੱਕਰੀ ਜਾ ਰਹੇ ਹਾਂ
ਰਾਤ ਫਿਰ ਆਦਮਬੋ ਆਦਮਬੋ ਕਰਦੀ ਆ ਧਮਕੀ ਹੈ

ਹਲਕਾਈਆਂ ਸੋਚਾਂ ਵਾਲੇ
ਫਿਰ ਮੰਡਰਾਉਣ ਲੱਗ ਪਏ ਨੇ ਗਲੀਆਂ 'ਚ
ਪਰ ਅਸੀਂ ਹਾਲੇ ਵੀ
ਘਰਾਂ ਤੋਂ ਬੇਖ਼ਬਰ
ਰੇਤ ਦੇ ਢੇਰ 'ਚ
ਘਰ ਘਰ ਖੇਡੀ ਜਾ ਰਹੇ ਹਾਂ

ਕਹਾਣੀ

# ਕਰੀਮਾਂ

**—ਦਵਿੰਦਰ ਮੰਡ**

ਹਸਪਤਾਲ 'ਚ ਪ੍ਰੇਸ਼ਾਨ ਪਏ ਨੂੰ ਮੈਨੂੰ ਵਾਰ-ਵਾਰ ਗੁਜ਼ਰ ਚੁੱਕੇ ਬਾਬੇ ਦੀਆਂ ਗੱਲਾਂ ਯਾਦ ਆ ਰਹੀਆਂ ਨੇ। ਕਹਿੰਦਾ ਹੁੰਦਾ ਸੀ 'ਪੁੱਤ ਜ਼ਿੰਦਗੀ ਨੂੰ ਚਲਾਉਣ ਲਈ ਜ਼ਿੰਦਗੀ ਨੂੰ ਸਮਝਣਾ ਬਹੁਤ ਜ਼ਰੂਰੀ ਆ। ਦੇਖੀਂ ਕਿਸੇ ਮਗਰ ਐਮੀਂ ਮੂਰਖਾਂ ਆਂਙ ਨਾ ਲੱਗ ਜਾਈਂ। ਅਗਲੇ ਦੀ ਪਹਿਲਾਂ ਪਰਖ ਕਰੀਂ, ਘੋਖ ਕਰੀਂ, ਨਾਲੇ 'ਹਾਂ' ਜਾਂ 'ਨਾਂਹ' 'ਚ ਵਿਸ਼ਵਾਸ਼ ਰੱਖੀਂ। ਕਿਸੇ ਨੂੰ ਲਾਰਿਆਂ 'ਚ ਰਖਣਾ ਬਾਹਲਾ ਮਾੜੈ—?'

ਤੇ ਮੈਂ! ਬੇਵਕੂਫ਼ ਦਾ ਬੇਵਕੂਫ਼ ਹੀ ਰਿਹਾਂ। 'ਅਬ ਪਛਤਾਏ ਕਯਾ ਹੋਗਾ' ਵਾਲੀ ਹੀ ਗੱਲ ਹੋਈ। ਹੁਣ ਖ਼ਬਰੇ ਮੈਨੂੰ ਇਕ ਕੰਨ ਵਿਚੀਂ ਉਕਾ ਹੀ ਨਹੀਂ ਸੁਣਨਾ' ਮੇਰਾ ਮਨ ਭਰ ਆਇਆ। ਕੋਈ ਲੰਗੜਾ ਹੋਵੇ, ਅੰਨ੍ਹਾ ਹੋਵੇ, ਬੋਲਾ ਹੋਵੇ ਲੋਕਾਂ ਲਈ ਤਾਂ ਇਕ ਕਿਸਮ ਦਾ ਤਰਸ ਦਾ ਪਾਤਰ ਬਣ ਕੇ ਰਹਿ ਜਾਂਦਾ ਹੈ। ਮੈਂ ਨਹੀਂ ਚਾਹੁੰਦਾ ਲੋਕੀਂ ਮੇਰੀਆਂ ਗੱਲਾਂ ਕਰਨ, ਮੇਰੇ 'ਤੇ ਤਰਸ ਕਰਨ। ਮੈਨੂੰ ਇਹ ਵੀ ਡਰ ਖਾਈ ਜਾ ਰਿਹਾ ਸੀ, ਹਣ ਲੋਕ ਕੀ ਕਹਿਣਗੇ? ਇਹੀ ਨਾਂ, ਪੜ੍ਹਿਆ-ਲਿਖਿਆ ਮੂਰਖ ਨਿਕਲਿਆ। ਭਲਾ ਜੇ ਕੰਨ ਸਾਫ਼ ਹੀ ਕਰੌਣੇ ਸੀ ਤਾਂ ਡਾਕਟਰ ਮਰ ਗਏ ਸੀ।

ਤੇ ਫਿਰ ਤੂੰ ਮੂੰਹ ਅੱਡ ਕੇ ਕਹਿਣਾ ਸੀ "ਹੂੰਅ ਡਾਕਟਰ ਤਾਂ ਲੋਹੜੇ ਦੀ ਫੀਸ ਲੈਂਦੇ ਨੇ, ਏਥੇ ਚਾਰ ਪੰਜ ਰੁਪਈਆਂ 'ਚ ਈ ਸਰ ਜਾਣਾ ਸੀ। ਦੇਖ ਲਓ ਪੈਸੇ ਦੀ ਖਾਤਰ ਰੋਗੀ ਹੋ ਕੇ ਬਹਿ ਗਿਆ। ਵੈਸੇ ਹੁਣ ਜਦ ਮੈਨੂੰ ਲੋਕਾਂ ਦੀਆਂ ਏਹੋ ਜਿਹੀਆਂ ਗੱਲਾਂ ਬਣਾਉਣ ਦੀ ਯਾਦ ਆਉਂਦੀ ਹੈ ਤਾਂ ਸੱਚੀ ਉਹ ਠੀਕ ਲੱਗਦੇ ਨੇ ਤੇ ਮੈਂ ਉਕਾ ਗ਼ਲਤ। ਬੈਠੇ ਸੁੱਤੇ ਵਖ਼ਤ ਪਾ ਕੇ ਰੱਖ ਲਿਆ। ਕਰੀਮੇ ਨਾਲ ਦੇ ਲੱਛੂ 'ਤੇ ਵੀ ਗੁੱਸਾ ਆਇਆ "ਭਲਾ ਇਹਨੂੰ ਕੀ ਫੇਟਾ ਪੈਂਦਾ ਸੀ, ਇਹ ਹੀ ਦੱਸ ਦਿੰਦਾ ਕਰੀਮਾਂ ਏਹੋ ਜਿਹਾ ਐ। ਬਚ ਕੇ ਰਹੀਂ। ਪਰ ਨਹੀਂ———" ਪਰ ਉਹਦੇ ਦਿਲ 'ਚ ਤਾਂ ਕਰੀਮੇ ਲਈ ਸ਼ਰਧਾ ਸੀ! ਅਥਾਹ ਸ਼ਰਧਾ। ਨਾਲੇ ਜੇ ਕਰੀਮੇ 'ਚ ਇਹੋ ਜਿਹੀ ਗੱਲ ਹੁੰਦੀ ਤਾਂ ਉਹਨੇ ਮੈਨੂੰ ਜ਼ਰੂਰ ਦੱਸ ਦੇਣਾ ਸੀ। ਲੱਛੂ ਦੇ ਮੂੰਹੋਂ ਤਾਂ ਕਰੀਮੇ ਦੀਆਂ ਸਿਫ਼ਤਾਂ ਹੀ ਨਿਕਲਦੀਆਂ ਸਨ। ਕਰੀਮੇ ਨੂੰ ਹੋ ਕੀ ਗਿਆ ਸੀ? ਮੈਂ ਵੀ ਹੈਰਾਨ ਆ, ਚਲੋ ਓਦਾਂ ਗੱਲ ਕਰ ਲੈਂਦਾ, ਚਲ ਝਗੜ ਈ ਲੈਂਦਾ, ਸਾਲੇ ਨੇ ਰੋਹ ਹੀ ਕਰਕੇ ਰਖਤਾ।' ਹੁਣ ਮੈਂ ਕਰ ਵੀ ਕੀ ਸਕਦਾ ਸੀ। ਜੇ ਤਾਂ ਉਹਨੂੰ ਪੁਲਿਸ ਕਲ ਫੜਾਉਂਦਾ ਤਾਂ ਉਹਦਾ ਕੀ ਜਾਣਾ ਸੀ। ਕੱਲਾ-ਕਾਰਾ, ਦੋ ਰੋਟੀਆਂ ਹੀ ਛਕਣੀਆਂ ਸੀ, ਜੇਲ੍ਹ 'ਚ ਛਕ ਲੈਂਦਾ। ਨਾਲੇ ਮੈਨੂੰ ਕੀ ਮਿਲ ਜਾਂਦਾ। ਪੁਲਿਸ ਨੇ ਚਾਰ ਪੈਸੇ ਮੈਥੋਂ ਬਟੋਰ ਲੈਣੇ ਸਨ। ਫਿਰ ਜੇ ਬਹਿ ਕੇ ਵੀ ਗੱਲ ਬਾਤ ਹੁੰਦੀ ਕਰੀਮੇ ਨੇ ਸਾਫ਼ ਬਚ ਜਾਣਾ ਸੀ।



"ਜੀ ਇਸ 'ਚ ਮੇਰਾ ਕੀ ਕਸੂਰ ਆ, ਇਹ ਹਿੱਲ ਗਿਆ ਤੇ ਸੂਆ ਪੜਦੇ 'ਤੇ ਜਾ ਲਗਿਆ।" ਤੇ ਫਿਰ ਕਰੀਮੇ ਨੇ ਸਾਫ਼ ਬਚ ਜਾਣਾ ਸੀ।

ਕਾਫ਼ੀ ਦੇਰ ਤੋਂ ਮੈਂ ਕਰੀਮੇ ਤੋਂ ਕੰਨਾਂ 'ਚੋਂ ਮੈਲ ਕਢਾਉਂਦਾ ਆ ਰਿਹਾ ਸਾਂ। ਕਰੀਮੇ ਦੀ ਤਾਂ ਬੱਸ ਅੱਡੇ ਤੇ ਵਾਹਵਾ ਬਣੀ ਹੋਈ ਸੀ। ਜਿਹਨੇ ਵੀ ਕੰਨਾਂ 'ਚੋਂ ਮੈਲ ਕਢਾਉਣੀ ਹੁੰਦੀ ਉਹ ਕਰੀਮੇ ਦੇ ਫੱਟੇ 'ਤੇ ਜਾ ਬਹਿੰਦਾ। ਭਾਵੇਂ ਲੱਛੂ ਤੋਂ ਵੀ ਲੋਕੀਂ ਮੈਲ ਕਢਾਉਂਦੇ ਪਰ ਉਹ ਕਰੀਮੇ ਨੂੰ ਆਪਣਾ ਗੁਰੂ ਸਮਝਦਾ ਸੀ। ਮੈਲ ਕੱਢਣ ਦਾ ਗੁਰ ਉਹਨੇ ਕਰੀਮੇ ਤੋਂ ਤਾਂ ਸਿਖਿਆ ਸੀ। ਮੈਨੂੰ ਚੇਤਾ ਏ ਜਦ ਪਹਿਲੇ ਦਿਨ ਮੈਂ ਕਰੀਮੇ ਦੇ ਫੱਟੇ ਤੇ ਬੈਠਾ ਸੀ ਤਾਂ ਡਰ ਨਾਲ ਕਿਹਾ ਸੀ, "ਦੇਖੀਂ ਯਾਰ ਕਿਤੇ ਉਹੀ ਨਾਂ ਗੱਲ ਕਰ ਦੇਈਂ?"

'ਬਾਬੂ ਜੀ ਚਿੰਤਾ ਨਾ ਕਰੋ ਬਸ ਅੱਖਾਂ ਮੀਟ ਕੇ ਬੈਠੇ ਰਹੋ?' ਫਿਰ ਮੈਂ ਵੀ ਕੰਨਾਂ 'ਚ ਇਕ ਕਿਸਮ ਦੀ ਖੁਰਕ ਜਿਹੀ ਕਰਾਉਣ ਲਈ ਕਦੀ-ਕਦੀ ਕਰੀਮੇ ਕੋਲ ਜਾ ਵਹਿੰਦਾ। ਕਰੀਮਾਂ ਵੀ ਤਾਂ ਮੇਰੇ ਨੇੜੇ ਕਾਫ਼ੀ ਆ ਗਿਆ ਸੀ। ਇਕ ਦਿਨ ਕਹਿਣ ਲੱਗਾ, "ਬਾਬੂ ਜੀ ਕੀ ਕੰਮ ਕਰਦੇ ਹੋ?"

"ਕਲਰਕ ਆਂ ਬੈਂਕ 'ਚ"

"ਅੱਛਾ ਜੀ" ਮੈਨੂੰ ਇੰਝ ਲੱਗਿਆ ਜਿਵੇਂ ਕਰੀਮੇ ਨੂੰ ਮੇਰੇ ਨਾਲ ਗੱਲਾਂ ਕਰਕੇ ਸੁਆਦ ਆਉਂਦਾ ਹੈ ਤੇ ਫਿਰ ਮੈਂ ਵੀ ਉਹਦੇ ਦਿਲ ਦੀ ਬੁਝਦੇ ਨੇ ਕਿਹਾ ਸੀ, "ਕੀ ਨਾਂ ਏ ਤੇਰਾ?"

"ਜੀ ਕਰੀਮਾ!"

"ਮੁਸਲਮਾਨ ਓ"

"ਜੀ ਆ"

ਮੈਨੂੰ ਵੀ ਵੱਖਰੇ ਧਰਮ ਬਾਰੇ ਜਾਨਣ ਦੀ ਉਤਸੁਕਤਾ ਜਾਗ ਰਹੀ ਸੀ ਤੇ ਫਿਰ ਮੈਂ ਉਹਨੂੰ ਹੋਰ ਸਵਾਲ ਕਰਨੇ ਸ਼ੁਰੂ ਕਰ ਦਿਤੇ—

"ਆਹ ਕੰਮ ਕਿੰਨੀ ਕੁ ਡੇਰ ਤੋਂ ਕਰਦੈਂ?"

"ਜੀ ਵਾਹਵਾ ਈ ਡੇਰ ਹੋ ਗਈ।"

"ਇਹਤੋਂ ਪਹਿਲਾਂ ਹੋਰ ਵੀ ਕੋਈ ਕੰਮ ਕੀਤੈ?"

"ਜੀ ਪਹਿਲਾਂ ਪਿੰਡ ਈ ਜ਼ੱਟਾਂ ਨਾਲ ਪੱਠੇ ਦੱਥੇ ਪੁਆ ਦਿਆ ਕਰਦਾ ਸਾਂ ਪਰ ਉਹ ਸੌਹਰੇ ਖੋਤਿਆਂ ਵਾਂਗ ਕੰਮ ਲੈਣ ਲਗ ਪਏ, ਮੈਂ ਫਿਰ ਪਿੰਡ ਛੱਡ ਆਇਆਂ, ਕੁਝ ਚਿਰ 'ਖਬਾਰਾਂ ਵੇਚੀਆਂ, ਫੇਰ ਇਹ ਵੀ ਕੰਮ ਮੈਨੂੰ ਨੱਠ ਭੱਜ ਆਲਾ ਈ ਲੱਗਾ ਤੇ ਫ਼ਿਰ ਆਹ ਮੈਲ ਕੱਢਣ ਦਾ ਕੰਮ ਸ਼ੁਰੂ ਕਰ ਲਿਆ। ਚਲੋ ਛਾਂਵੇ ਤਾਂ ਬਇਠੇ ਰਹੀਦਾ, ਪੰਜਾਹ ਸੱਠ ਤਾਂ ਬਣ ਈ ਜਾਂਦੇ———?" ਕਰੀਮਾਂ ਕਈ ਕੁਝ ਦੱਸ ਗਿਆ।

"ਅੱਛਾ ਰੱਬ ਨਾ ਕਰੇ ਜੇ ਕਿਸੇ ਦਾ ਪੜਦਾ ਪਾਟ ਜਾਏ?"

"ਬਾਵੂ ਜੀ ਸੁਖ-ਸੁਖ ਬੋਲੋ ਫਿਰ ਤਾਂ ਸਾਰਾ ਕੰਮ ਠੱਪ ਹੋ ਜਾਣੈ। ਨਾਲੇ ਹੱਲੇ ਤੱਕ ਤਾਂ

ਕੋਈ ਏਹੋ ਜਿਹੀ ਗੱਲ ਨਹੀਂ ਹੋਈ, ਖ਼ੁਦਾ ਰਹਿਮ ਕਰੇ ?" ਕਰੀਮੇ ਨੇ ਦੋਹਾਂ ਹੱਥਾਂ ਨਾਲ ਕੰਨ ਫੜੇ ।

"ਭਲਾ ਤੇਰਾ ਪਿੰਡ ਕਿਹੜੈ ?"

"ਜੀ ਆਇਧਰ ਈ ਕਰਪੂਥਲੇ ਅਲ੍ਹ" ਕਰੀਮੇ ਨੇ ਪਿੰਡ ਦਾ ਨਾਂ ਨਹੀਂ ਸੀ ਦੱਸਿਆ।

"ਕੀ ਤੂੰ ਜੰਮਿਆ ਵੀ ਪਿੰਡ ਹੀ ਸੀ ?" ਮੈਂ ਦੇਖਿਆ ਕਰੀਮਾ ਮੇਰਾ ਸਵਾਲ ਸੁਣ ਕੇ ਥੋੜ੍ਹਾ ਜਜਬਾਤੀ ਹੋ ਗਿਆ ।

"ਜੀ ਪਿੰਡ 'ਚ ਹੀ ਬਚਪਨ ਗੁਜ਼ਾਰਿਆ । ਫਿਰ ਰੌਲੇ ਪੈ ਗਏ ਅੰਮੀ ਅੱਬਾ, ਭੈਣ-ਭਰਾ ਸਭ ਵੱਢ ਟੁੱਕ ਦਿੱਤੇ ਪਤਾ ਨਹੀਂ "ਕੱਲਾ ਕਿਦਾਂ ਬਚ ਗਿਆ ?" ਮੈਨੂੰ ਕਰੀਮੇ ਦੀ ਗੱਲ ਸੁਣ ਉਹਦੇ ਤੇ ਤਰਸ ਆ ਗਿਆ । ਅੱਗੋਂ ਹੋਰ ਸਵਾਲ ਕਰਨੇ ਮੈਂ ਬੰਦ ਕਰ ਦਿੱਤੇ ।

ਫਿਰ ਜਦ ਵੀ ਮੈਂ ਬੱਸ ਅੱਡੇ ਤੇ ਜਾਂਦਾ ਕਰੀਮਾਂ ਸਿਰ 'ਤੇ ਮੈਲੀ ਜਿਹੀ ਪਰਨੇ ਜਿੱਡੀ ਲਾਲ ਪੱਗ ਲਪੇਟੀ, ਹੱਥ 'ਚ ਮੈਲਾ ਜਿਹਾ ਫੱਟਾ ਤੇ ਪੱਗ 'ਚ ਕਈ ਕਿਸਮ ਦੇ ਮੈਲ ਕੱਢਣ ਵਾਲੇ ਸੰਦ ਦਿੱਤੇ ਹੋਏ ਪਤਾ ਨਹੀਂ ਮੈਨੂੰ ਕਿਧਰੋਂ ਦੇਖ ਲੈਂਦਾ । ਨੱਠਾ ਆਉਂਦਾ ।

"ਬਾਵੂ ਜੀ ਕਿਧਰ ?" ਮੈਨੂੰ ਕਿਸ ਵੇਲੇ ਬਹੁਤ ਜ਼ਰੂਰੀ ਕੰਮ ਹੁੰਦਾ ਤੇ ਮੈਨੂੰ ਥੋੜ੍ਹਾ ਗੁੱਸਾ ਆ ਜਾਂਦਾ ਪਰ ਜ਼ਾਹਰ ਨਾ ਹੋਣ ਦਿੰਦਾ । "ਭਲਾ ਇਹਨੂੰ ਕੀ ਮੈਂ ਜਿਥੇ ਮਰਜ਼ੀ ਜਾਮਾਂ" ਮੈਂ ਮਾੜਾ-ਮੋਟਾ ਬੁਲਾਕੇ ਤੁਰ ਜਾਂਦਾ । ਮੈਂ ਕਿਸੇ ਵਲੇ ਸੋਚਦਾ ਕਰੀਮਾ ਮੇਰੇ ਨਾਲ ਕੋਈ ਇਹੋ ਜਿਹੀ ਗੱਲ ਕਰਨੀ ਚਾਹੁੰਦਾ ਏ ਤੇ ਫਿਰ ਮੈਂ ਵੀ ਇਕ ਦਿਨ ਮੈਲ ਕਢਾਉਂਦਿਆਂ ਕਰੀਮੇ ਤੋਂ ਪੁੱਛ ਹੀ ਲਿਆ, "ਤੇਰਾ ਵਿਆਹ ਨਹੀਂ ਹੋਇਆ ?"

"ਵਿਆਹ !" ਕਰੀਮੇ ਨੇ ਇੰਝ ਕਿਹਾ ਜਿਵੇਂ ਵਿਆਹ ਉਹਦੇ ਲਈ ਸੁਪਨ ਹੋਵੇ । ਉਹਦੇ ਕੋਲੋਂ ਅਗਾਂਹ ਨਾ ਬੋਲ ਹੋਇਆ । ਮੈਂ ਵੀ ਚੁਪ ਹੀ ਰਿਹਾ ।

ਚੁਪ ਨੂੰ ਤੋੜਦਿਆਂ ਕਰੀਮੇ ਨੇ ਅਜੀਬ ਜਿਹਾ ਸਵਾਲ ਕਰ ਦਿੱਤਾ, "ਬਾਵੂ ਜੀ, ਤੁਸੀਂ 'ਖਬਾਰ ਨਹੀਂ ਪੜ੍ਹਦੇ ?"

"ਪੜ੍ਹਦਾ ਹਾਂ ।"

"ਕੈਂਦੇ ਓਹਦੇ ਵੀ ਵਿਆਹ ਸਬੰਧੀ ਦਰਖਾਸਤਾਂ ਮੰਗੀਆਂ ਹੁੰਦੀਆਂ ?"

ਕਰੀਮੇ ਦੀ ਗੱਲ ਸੁਣ ਮੈਨੂੰ ਹਾਸਾ ਆ ਗਿਆ । ਮੈਂ ਦਿਲ ਹੀ ਦਿਲ 'ਚ ਉਹਦੇ ਦਿਲ ਦੀ ਗੱਲ ਬੁੱਝ ਗਿਆ ।

"ਆਹੋ ਹੁੰਦੇ ਨੇ ਮੈਟਰੀਮੋਨੀਅਲ ਪਰ ਤੂੰ ਕੀ ਚਾਹੁੰਦੈ ?"

"ਮੈਂ ਕੀ ਚਾਹੁਣਾ ? ਆਹ ਈ ਬਈ ਦੇਖਿਓ ਕਿਤੇ ਸਾਡੇ ਧਰਮ ਦੀ ਭਾਵੇਂ ਲੰਗੜੀ-ਲੂਲੀ ਹੀ ਹੋਵੇ ।" ਕਰੀਮੇ ਨੇ ਜੋ ਗੱਲ ਕਹਿਣੀ ਸੀ ਕਹਿ ਗਿਆ ।

"ਤੂੰ ਚਿੰਤਾ ਨਾ ਕਰ ਮੇਰਾ ਇਕ ਦੋਸਤ ਆ ਮਲੇਰ-ਕੋਟਲੇ ਅਲ੍ਹ ਦਾ, ਉਹਦੇ ਨਾਲ ਕਰੂੰ ਤੇਰੀ ਗੱਲ ?" ਕਰੀਮੇ ਨੇ ਮੇਰੀ ਗੱਲ ਸੁਣ ਕੇ ਮੇਰੇ ਕੰਨ 'ਚ ਪਾਇਆ ਸੂਆ ਜਿਹਾ ਬਾਹਰ ਖਿਚ ਲਿਆ ਤੇ ਇਕ ਟੱਕ ਮੇਰੇ ਮੂੰਹ ਵਲ ਦੇਖਣ ਲੱਗਾ ।



"ਆਹੋ ਤੂੰ ਕੱਢੀ ਜਾਹ ਫ਼ਿਕਰ ਨਾ ਕਰ ਬੱਸ" ਫਿਰ ਕਰੀਮੇ ਨੇ ਮੇਰੀ ਇਸ ਗੱਲ ਤੋਂ ਬਾਅਦ ਮੈਲ ਕੱਢਣ ਦਾ ਜਿੰਨਾ ਵੀ ਕਾਰਜ ਕੀਤਾ ਬੜੀ ਫੁਰਤੀ ਨਾਲ ਕੀਤਾ ।

ਹੁਣ ਮੈਂ ਅੱਡੇ 'ਤੇ ਕਰੀਮੇ ਤੇ ਲੱਛੂ ਨੂੰ ਹੱਸ ਹੱਸ ਹੱਸ ਗੱਲਾਂ ਕਰਦਿਆਂ ਦੇਖਦਾ । ਕਰੀਮੇ ਦਾ ਉੱਚੀ ਹਾਸਾ ਉਹਦੇ ਲਈ ਜਾਣ ਪਹਿਚਾਣੇ ਮੇਰੇ ਕੰਨਾਂ 'ਚ ਆ ਵੱਜਦਾ ਤੇ ਫਿਰ ਮੈਨੂੰ ਦੇਖ ਦੋਵੇਂ ਭੱਜੇ ਆਉਂਦੇ ।

"ਬਾਵੂ ਜੀ ਮੈਂ ਤਾਂ ਇਹਨੂੰ ਬਹੁਤ ਦੇਰ ਤੋਂ ਜਾਣਦਾ । ਕੋਈ ਐਬ ਨਹੀਂ ਇਹਦੇ 'ਚ ਚਲੋ ਕੰਮ ਸਾਡਾ ਮਾੜਾ, ਪਰ ਤੁਸੀਂ ਵੀ ਤਾ ਕੁੜੀ ਇਹਦੀ ਹੈਸੀਅਤ ਮੁਤਾਬਿਕ ਲੱਭਣੀ ਆ, ਕਿਹੜੀ ਬੀ. ਆ ਕੀਤੀ ਹੋਣੀ ਉਹਨੇ ।" ਇਹ ਕਹਿ ਲੱਛੂ ਹੱਸ ਪੈਂਦਾ ਤੇ ਮੈਂ ਅਨੁਭਵ ਕਰਦਾ ਕਰੀਮਾ ਜ਼ਰੂਰ ਲੱਛੂ ਨੂੰ ਸਮਝਾ-ਬੁਝਾ ਵਿਆਹ ਦੀ ਗੱਲ ਕਰਨ ਲਈ ਮੇਰੇ ਕੋਲ ਭੇਜਦਾ ਹੋਵੇਗਾ ।

ਹੁਣ ਤਾਂ ਕਰੀਮਾ ਮੇਰੇ 'ਤੇ ਰਹਿਮ ਕਰਨ ਲੱਗ ਪਿਆ ਸੀ ਜਦ ਵੀ ਕਦੀ ਕੰਨਾਂ 'ਚੋਂ ਮੈਲ ਕਢਾਈ ਮੇਰੇ ਕੋਲੋਂ ਪੈਸੇ ਲੈਣ ਤੋਂ ਇਨਕਾਰ ਕਰ ਦਿੰਦਾ ਸੀ ।

"ਓਏ ਨਹੀਂ ਮਿਹਨਤ ਕਰਦੇ ਓ । ਫੜ-ਫੜ" ਤੇ ਮੈਂ ਵੀ ਪੈਸੇ ਮੱਲੋ-ਮੱਲੀ ਫੜਾ ਦਿੰਦਾ ।

ਹੁਣ ਜਦ ਕਰੀਮੇ ਤੇ ਲੱਛੂ ਨਾਲ ਮੁਲਾਕਾਤ ਹੁੰਦੀ ਲੱਛੂ ਦਾ ਪਹਿਲਾ ਸਵਾਲ ਹੀ ਇਹ ਹੁੰਦਾ, "ਕਿੱਦਾਂ ਬਾਵੂ ਜੀ ਗਏ ਨਹੀਂ ?"

"ਕਿਧਰ ?"

"ਮਲੇਰ ਕੋਟਲੇ ਅਲ੍ਹ" ਪਹਿਲਾਂ ਤਾਂ ਮੈਨੂੰ ਹੈਰਾਨੀ ਹੁੰਦੀ ਪਰ ਫਿਰ ਇਕ ਦਮ ਸਭ ਕੁਝ ਸਮਝ ਜਾਂਦਾ ।

"ਯਾਰ ਟੈਮ ਈ ਨਹੀਂ ਲਗਦੇ, ਛੁੱਟੀ ਆਲੇ ਦਿਨ ਜਾਊਂ ਕਿਤੇ ?" ਮੈਂ ਉਪਰੋਂ ਜਿਹੇ ਕਹਿ ਦਿੰਦਾ ।

"ਜਾ ਆਇਓ ਕਿਤੇ" ਲੱਛੂ ਦੇ ਇਹਨਾਂ ਬੋਲਾਂ 'ਚ ਆਪਣੇ ਗੁਰੂ ਸਮਾਨ ਕਰੀਮੇ ਲਈ ਤਰਸ ਹੁੰਦਾ ।

ਮੈਂ ਵੀ ਜਦ ਘਰ ਆ ਕਰੀਮੇ ਬਾਰੇ ਸੋਚਦਾ ਤਾਂ ਮੇਰਾ ਹਾਸਾ ਨਿਕਲ ਜਾਂਦਾ । ਭਲਾ ਕੰਨਾਂ 'ਚੋਂ ਮੈਲ ਕੱਢਣ ਵਾਲੇ ਲਈ ਰਿਸ਼ਤਾ ਕਰਨਾ ਤੇ ਫਿਰ ਕੁੜੀ ਵਾਲਿਆਂ ਨੂੰ ਉਹਦੇ ਕੰਮ ਸਬੰਧੀ ਦੱਸਣਾ ਉਂਝ ਹੀ ਬੜੀ ਘਟੀਆ ਗੱਲ ਸੀ ।

"ਚਲੋ ਤਮਾਸ਼ਾ ਈ ਦੇਖੀਏ" ਮੈਂ ਉਂਝ ਵੀ ਕਰੀਮੇ ਵਰਗੇ ਬੰਦੇ ਨੂੰ ਆਪਣੇ ਲਈ ਹਾਸਰਸ ਦਾ ਪਾਤਰ ਬਣਾ ਛੱਡਦਾ ਸਾਂ । ਮੈਂ ਘਟੀਆ ਤੇ ਆਮ ਜਿਹੇ ਲੋਕਾਂ ਨੂੰ ਬਹੁਤਾ ਨਹੀਂ ਗੌਲਦਾ । ਇਹਨਾਂ ਨੂੰ ਤਾਂ ਮੈਂ ਵਾਧੂ ਦਾ ਧਰਤੀ 'ਤੇ ਭਾਰ ਹੀ ਸਮਝਦਾ ਹਾਂ ।

ਸਮਾਂ ਗੁਜ਼ਰੀ ਜਾਂਦਾ ਤੇ ਲੱਛੂ ਨੂੰ ਵੀ ਮੇਰੇ ਪ੍ਰਤੀ 'ਓਹੀ' ਸਵਾਲ ਹੀ ਕਰਦਿਆਂ 'ਜੀ ਕਦੇ ਗਏ' ਸ਼ਰਮ ਜਿਹੀ ਆਉਣ ਲੱਗ ਪਈ ਸੀ । ਮੈਨੂੰ ਵੀ ਪਤਾ ਹੁੰਦਾ ਉਹਨੇ ਇਹੀ

ਜਿਸਮ ਮਹਿਜ ਭੁਰਭੁਰੀ ਮਿੱਟੀ ਤੋਂ ਸਿਵਾ ਕੁਝ ਵੀ ਨਹੀਂ
ਤੇ ਸੋਚ ਦੇ ਚੰਦ 'ਤੇ ਫਿਰ ਗਈ ਏ ਜਦ ਕਿਸੇ ਧੂਮਕੇਤੂ ਦੀ ਪੂਛ
ਤਾਂ ਆਪਾਂ ਇਨਸਾਨੀਅਤ ਨੂੰ ਜੰਗਲਾਂ 'ਚ ਛੱਡ ਆਈਏ
ਤੇ ਆਪਣੇ ਅਰਥਹੀਣ ਜੇਹੇ ਜਿਸਮਾਂ ਨੂੰ ਕੋਈ ਨਵਾਂ ਨਾਮ ਦੇਈਏ

ਹੁਣ ਜਦ ! ਦਰਿਆ ਭਰ ਗਏ ਨੇ ਹੱਡੀਆਂ ਨਾਲ
ਝਨਾਂ ਦੇ ਕੰਢੇ ਖੋਰ ਰਿਹਾ ਹੈ ਖੂਨ
ਤਾਂ ਆਵੋ ਉਠਾਈਏ ਬੰਸਰੀ ਤੇ ਆਪਣੀ ਪ੍ਰੇਮਿਕਾ ਨੂੰ ਸੁਨਾਉਣ ਲਈ
ਲੱਭੀਏ ਕੋਈ ਬੇਸ਼ਰਮ ਜੇਹੀ ਧੁਨ
ਮੁਹੱਬਤਨਾਮਾਂ ਮਿੱਟੀ ਤੋਂ ਮਰਘਟ ਤੱਕ ਪਹੁੰਚ ਗਿਆ ਹੈ
ਤੇ ਸਾਡੇ ਹੱਥ ਨਿੱਘ ਤੋਂ ਸਿਵੇ ਤੱਕ
ਤੇ ਆਵੋ ਜੇ ਨਹੀਂ ਹੋ ਸਕਦੇ ਸਾਥੋਂ ਮੁਹੱਬਤਨਾਮੇ 'ਤੇ ਦਸਤਖਤ
ਤਾਂ ਉਸ ਤੇ ਆਪਣੀ ਬੇਸ਼ਰਮੀ ਹੀ ਝਰੀਟ ਦੇਈਏ ।

ਮਿਰੇ ਯਾਰੋ !
ਜਦ ਮਾਸੂਮ ਦੀ ਪਿੱਠ 'ਤੇ ਲਟਕਦੇ ਬਸਤੇ ਵਿਚਲੀਆਂ ਕਿਤਾਬਾਂ
ਹੋ ਗਈਆਂ ਨੇ ਉਸ ਦੇ ਖੂਨ ਨਾਲ ਗੜੁੱਚ
ਤਾਂ ਵਿਦਿਆ ਦਾ ਚਾਨਣ ਕਹਿ ਦੇਈਏ
ਆਪਣੀਆਂ ਅੱਖਾਂ 'ਚ ਉਤਰੇ ਕਾਲੇ ਮੋਤੀਏ ਨੂੰ
ਤੇ ਹੋ ਜਾਈਏ ਆਪਣੀ ਹੀ ਮਿੱਟੀ 'ਚ ਦਫਨ
ਰਾਖ਼ ਹੋਏ ਜਿਸਮਾਂ ਸੰਗ ਉੱਡ-ਉੱਡ ਕੇ
ਬਹੁਤ ਕਰ ਲਿਆ ਹੈ ਅਸਾਂ ਕਾਇਨਾਤ ਨੂੰ ਦੂਸ਼ਿਤ
ਆਖ਼ਿਰ ਸੂਰਜਾਂ ਨੂੰ ਪਾਉਣ ਲਈ
ਸੂਰਜ ਬਨਣਾ ਬਹੁਤ ਜ਼ਰੂਰੀ ਹੈ...ਬਹੁਤ ਜਰੂਰੀ ਹੈ...

ਪਿੰਡ ਤੇ ਡਾਕਘਰ—ਬਿਆਸ
ਜ਼ਿਲ੍ਹਾ ਅੰਮ੍ਰਿਤਸਰ



# ਪੰਜਾਬੀ ਲੋਕ ਗੀਤਾਂ ਦਾ ਅਧਿਐਨ

—ਡਾ: ਕਰਮਜੀਤ ਸਿੰਘ

ਹੁਣ ਤਕ ਪ੍ਰਕਾਸ਼ਿਤ ਪੰਜਾਬੀ ਲੋਕ ਗੀਤਾਂ ਦੇ ਸੰਗ੍ਰਹਿਆਂ ਤੋਂ ਸੰਗ੍ਰਹਿ ਕਰਤਾਵਾਂ ਦੇ ਰੁਮਾਂਟਿਕ ਵਤੀਰੇ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ । ਸੰਗ੍ਰਹਿ ਕਰਤਾ ਲੋਕ ਗੀਤਾਂ ਦੀ ਚਰਚਾ ਸਮੇਂ ਭਾਵੁਕ ਹੋ ਜਾਂਦੇ ਹਨ । ਭਾਵੁਕ ਹੋਣਾ ਸੁਭਾਵਕ ਹੈ, ਪਰੰਤੂ ਅਧਿਐਨ ਸਮੇਂ ਇਹ ਭਾਵੁਕਤਾ ਮਾਰੂ ਸਾਬਤ ਹੋ ਸਕਦੀ ਹੈ । ਭਾਵੁਕਤਾ ਵੱਸ ਲੋਕ ਗੀਤਾਂ ਦਾ ਵਿਸ਼ਲੇਸ਼ਣ ਹੋਣ ਦੀ ਬਜਾਇ ਕਾਵਿਕ ਉਕਤੀਆਂ ਹੀ ਸਾਹਮਣੇ ਆਉਂਦੀਆਂ ਹਨ । ਰੁਮਾਂਟਿਕ ਝੁਕਾ ਦਾ ਧਾਰਣੀ ਲੇਖਕ ਕਿਉਂਕਿ 'ਲੋਕ-ਸਮੂਹ' ਨੂੰ ਵਰਗ ਦ੍ਰਿਸ਼ਟੀ ਤੋਂ ਨਹੀਂ ਵਿਚਾਰਦਾ, ਇਸ ਲਈ ਉਹ ਇਸਦੇ ਅੰਗਰਗਤ ਗਤੀਸ਼ੀਲ ਅੰਤਰ ਵਿਰੋਧਾਂ ਨੂੰ ਸਮਝਣ ਤੋਂ ਅਸਮਰਥ ਰਹਿੰਦਾ ਹੈ । ਆਲੋਚਕ ਨੇ ਇਨ੍ਹਾਂ ਵਰਗਗਤ, ਜਾਤੀਗਤ ਸਭਿਆਚਾਰਕ ਅੰਤਰ ਵਿਰੋਧਾਂ ਨੂੰ ਹੀ ਨਹੀਂ ਪਛਾਨਣਾ ਸਗੋਂ ਲੋਕ ਗੀਤਾਂ ਦੇ ਉਪ-ਭਾਸ਼ਾਈ ਨਿਖੇੜਾਂ ਨੂੰ ਵੀ ਧਿਆਨ ਵਿਚ ਰੱਖਣਾ ਹੈ, ਜਿਸ ਤੋਂ ਮਾਝੀ, ਮਲਵਈ, ਦੁਆਬੀ ਤੇ ਧੁਆਪੀ ਆਦਿ ਖਿੱਤਿਆਂ ਦੇ ਲੋਕ ਗੀਤਾਂ ਦੀਆਂ ਵੱਖਰੀਆਂ ਪਛਾਣਾਂ ਨਿਰਧਾਰਿਤ ਹੋਣ ਦੇ ਨਾਲ ਨਾਲ ਇਨ੍ਹਾਂ ਦੇ ਅੰਤਰਗਤ ਵਹਿੰਦੀ ਪੰਜਾਬੀ ਧਾਰਾ ਨੂੰ ਵੀ ਸਹੀ ਰੂਪ ਵਿਚ ਪਛਾਣਿਆਂ ਜਾ ਸਕੇ । ਮੇਰਾ ਖੇਤਰੀ ਕਾਰਜ ਕਿਉਂਕਿ ਦੁਆਬੇ ਦੇ ਖਿੱਤੇ ਨਾਲ ਸੰਬੰਧਿਤ ਹੈ, ਇਸ ਲਈ ਮੈਂ ਲੋਕ ਗੀਤਾਂ ਦੀਆਂ ਉਦਾਹਰਣਾਂ ਵੀ ਇਸੇ ਖਿੱਤੇ ਵਿਚੋਂ ਦੇਣ ਦੀ ਖੁਲ੍ਹ ਲੈ ਰਿਹਾ ਹਾਂ। ਇਸਤ੍ਰੀ ਕਿਸੇ ਵੀ ਖਿੱਤੇ ਦੀ ਹੋਵੇ ਉਸ ਨੂੰ ਹੇਠ ਲਿਖੀ ਉਦਰੇਵੇਂ ਦੀ ਸਥਿਤੀ ਵਿਚੋਂ ਗੁਜ਼ਰਨਾ ਪੈ ਸਕਦਾ ਹੈ ।

ਹੋਰ ਧੀਆਂ ਦਿੱਤੀਆਂ ਦੇਸ ਦੁਆਬੜੇ
ਮੈਂ ਕਿਉਂ ਦਿਤੜੀ ਵੇ ਚੰਦਰੇ ਪਹਾੜ ਵੇ ।
ਹੋਰ ਧੀਆਂ ਖਾਂਦੀਆਂ ਕੁੱਟ ਕੁੱਟ ਚੂਰੀਆਂ,
ਮੈਂ ਕਿਉਂ ਖਾਂਵਦੀ ਵੇ ਬਾਥੂ ਦਾ ਸਾਗ ਵੇ ।
ਹੱਥ ਮੇਰੇ ਰਾਂਬੜੀ ਵੇ ਮੋਢੇ ਮੇਰੇ ਤਾਂਗੜੀ,
ਘਾਉ ਖੁਤੇਂਦੜੀ ਵੇ ਟਿੱਬਿਆਂ ਦੇ ਹੇਠ ਵੇ ।
ਅੱਗੇ ਅਗੇ ਜਾਂਵਦੀ ਵੇ ਪਿੱਛੇ ਮੁੜ ਦੇਖਦੀ,
ਨਜਰੀਂ ਨਾ ਆਂਵਦਾ ਵੇ ਬਾਬਲ ਤੇਰਾ ਦੇਸ ਵੇ ।
ਰੋਟੀਆਂ ਪਕਾਂਵਦੀ ਦੇ, ਹੱਥ ਜਲ ਜਾਂਵਦੇ ਵੇ,
ਹੁਣ ਚੇਤਾ ਆਂਵਦਾ ਨੀ ਮਾਏ ਤੇਰਾ ਰਾਜ ਵੇ ।

ਪੰਜਾਬ ਦੇ ਵਿਸ਼ੇਸ਼ ਤੌਰ ਤੇ ਦੁਆਬੇ ਦੇ ਉਹ ਗੀਤ ਵਧੇਰੇ ਪ੍ਰਭਾਵਸ਼ਾਲੀ ਹਨ ਜਿਨ੍ਹਾਂ ਵਿਚ ਪਰਦੇਸੀਂ ਗਏ ਨੌਕਰ ਦੇ ਵਿਛੋੜੇ ਨੂੰ ਬੜੀ ਤੀਬਰਤਾ ਨਾਲ ਮਹਿਸੂਸਿਆ ਗਿਆ ਹੈ। ਕੰਢੀ ਇਲਾਕੇ ਦਾ ਆਰਥਿਕ ਪਛੜੇਵਾਂ ਇਥੋਂ ਦੇ ਲੋਕਾਂ ਨੂੰ ਅਜੋਕੇ ਸਮੇਂ ਵਿਚ ਹੀ ਨਹੀਂ

ਸਗੋਂ ਪੁਰਾਤਨ ਸਮੇਂ ਤੋਂ ਨੌਕਰੀ ਕਰਨ ਲਈ ਮਜਬੂਰ ਕਰਦਾ ਰਿਹਾ ਹੈ। ਨੌਕਰ ਚਾਕਰ ਅਖਵਾਉਣਾ 'ਮਿਹਣੇ' ਦਾ ਨਹੀਂ ਸਗੋਂ ਮਾਣ ਦਾ ਸੂਚਕ ਸ਼ਬਦ ਸਮਝਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਵੀ ਦੁਆਬੀਆਂ ਦੇ ਵਿਦੇਸ਼ਾਂ ਨੂੰ ਜਾਣ ਦੀ ਗੱਲ ਸਮਝੀ ਸਮਝਾਈ ਜਾ ਸਕਦੀ ਹੈ। ਨੌਕਰੀ ਨੇ ਲੋਕਾਂ ਦੀ ਨਿੱਜੀ, ਭਾਵੁਕ ਅਤੇ ਸਮਾਜਿਕ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ ਹੈ। ਨੂੰਹ ਸੱਸ ਲੋਕ ਗੀਤਾਂ ਵਿਚ ਇਕ ਦੂਜੇ ਪ੍ਰਤਿ ਨੌਕਰਾਂ ਨੂੰ ਪਰਦੇਸੀਂ ਭੇਜਣ ਦਾ ਗਿਲਾ ਕਰਦੀਆਂ ਹਨ, ਪਰੰਤੂ ਉਨ੍ਹਾਂ ਦੀ ਸਹਿਜ ਸਿਆਣਪ ਉਨ੍ਹਾਂ ਨੂੰ ਅਸਲੀਅਤ ਦੀ ਤਹਿ ਤੱਕ ਪਹੁੰਚਾ ਦਿੰਦੀ ਹੈ। ਯਥਾਰਥਵਾਦੀ ਸਮਝ ਦਾ ਪ੍ਰਗਟਾਵਾ ਇਨ੍ਹਾਂ ਪੰਗਤੀਆਂ ਤੋਂ ਦੇਖਿਆ ਜਾ ਸਕਦਾ ਹੈ।

ਨੀ ਸੱਸੂ ਨੀ ਧੰਨ ਤੇਰਾ ਆਤਮਾ ਧੰਨ ਤੇਰਾ ਜੀਅਰਾ,
ਧੰਨ ਤੇਰਾ ਜੀਅਰਾ, ਪੁੱਤ ਪਰਦੇਸਾਂ ਨੂੰ ਤੋਰਿਆ ਏ।

ਨੀ ਨੌਹੇਂ ਨੀ ਤੇਰਾ ਨਾ ਘੱਲਿਆ, ਮੇਰਾ ਨਾ ਘੱਲਿਆ,
ਮੇਰਾ ਨਾ ਘੱਲਿਆ, ਦੋਨਾਂ ਦੇ ਲੋਭ ਨੂੰ ਗਇਆ ਏ।

ਪਰਦੇਸੀ ਨੌਕਰ ਦੀ ਕਾਰ ਹੀ ਮਾਨਸਿਕ ਪੀੜਾਂ ਦਾ ਸ਼ਿਕਾਰ ਨਹੀਂ ਸਗੋਂ, ਮਾਂ ਪੁੱਤਰ ਦੇ, ਤੇ ਭੈਣ ਭਰਾ ਦੇ ਉਦਰੇਵੇਂ ਨੂੰ ਭੋਗਦੀ ਹੈ। ਸਮੁੱਚੀ ਸਮਾਜਿਕ ਜ਼ਿੰਦਗੀ ਵਿਚੋਂ ਵੀ ਕੁਝ ਖਾਰਿਜ ਹੁੰਦਾ ਹੈ :

ਬਾਰੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਇਆ ਦਾਤੀਆਂ ਰੰਬੇ,
ਨੀ ਡੁਬਈ ਚਦਰੀ ਲੈ ਗਏ, ਰੌਣਕੀ ਬੰਦੇ।

ਅੱਜ ਦਾ ਫੌਜੀ ਤਾਂ ਦਸਾਂ ਮਹੀਨਿਆਂ ਬਾਦ ਆਪਣੇ ਪਰਿਵਾਰ ਨਾਲ ਮਿਲ ਬੈਠਦਾ ਹੈ ਜਾਂ ਉਹ ਕੁੱਝ ਸਮੇਂ ਲਈ ਪਰਿਵਾਰ ਨੂੰ ਨਾਲ ਲਿਜਾ ਸਕਦਾ ਹੈ, ਪਰੰਤੂ ਜਾਗੀਰਦਾਰੀ ਯੁੱਗ ਦਾ ਨੌਕਰ ਤਾਂ ਸਾਲਾਂ ਬੱਧੀ (ਬਾਰਾਂ ਵਰ੍ਹੇ) ਪਰਿਵਾਰ ਨੂੰ ਮਿਲਣ ਦਾ ਤਰਸੇਵਾਂ ਹੰਢਾਉਂਦਾ ਹੈ। ਇਸ ਸਮੇਂ ਦੌਰਾਨ ਪਰਿਵਾਰਕ ਉਥਲ ਪੁਥਲ ਵਾਪਰਦੀ ਹੈ। ਹੋਰ ਤਾਂ ਹੋਰ ਪਤੀ ਪਤਨੀ ਵੀ ਇਕ ਦੂਜੇ ਲਈ ਬੇਪਛਾਣ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਪਈ ਇਸਤ੍ਰੀ ਜਦੋਂ ਆਪਣੀ ਮਨੋ-ਅਵਸਥਾ ਸੱਸ ਅੱਗੇ ਫੋਲਦੀ ਹੈ ਤਾਂ ਉਹ ਉਸ ਨੂੰ ਦਿਉਰ ਨਾਲ ਮਨਪ੍ਰਚਾਉਣ ਦਾ ਇਸ਼ਾਰਾ ਕਰਦੀ ਹੈ। ਇਹ ਯਥਾਰਥ ਹੈ ਪਰੰਤੂ ਪ੍ਰਚਲਿਤ ਸਮਾਜਿਕ ਸਦਾਚਾਰ ਨੂੰ ਸੱਸ ਸਾਹਮਣੇ ਸਵੀਕਾਰ ਕਰਦੀ ਹੋਈ ਇਸਤ੍ਰੀ ਆਪਣੇ ਪਤੀ ਵਿਚ ਆਸਥਾ ਪ੍ਰਗਟ ਕਰਦੀ ਹੈ। ਕਹਿਣੀ ਤੇ ਭਾਵਨਾਵਾਂ ਇਕ ਦੂਜੇ ਦੇ ਵਿਰੋਧ ਵਿਚ ਖੜੀਆਂ ਹਨ। ਇਸ ਤਣਾਉ ਵਿਚ ਇਸਤ੍ਰੀ ਦਾ ਥਿੜਕ ਜਾਣਾ ਅਸੁਭਾਵਕ ਨਹੀਂ, ਪਰ ਆਫਤ ਉਦੋਂ ਆਉਂਦੀ ਹੈ ਜਦੋਂ ਨਾਜਾਇਜ਼-ਸੰਬੰਧਾਂ ਦਾ ਫਲ (ਬੱਚਾ) ਸਾਹਮਣੇ ਆਉਂਦਾ ਹੈ। ਘਰ ਆਏ ਪਤੀ ਸਾਹਮਣੇ ਇਸਤਰੀ ਇਕ ਜਟਿਲ ਪ੍ਰਸਥਿਤੀ ਦੇ ਰੂਬਰੂ ਹੁੰਦੀ ਹੈ।



ਗੀਤ ਵਿਚ ਇਸਦਾ ਪ੍ਰਗਟਾਵਾ ਕੁਝ ਪੰਗਤੀਆਂ ਵਿਚ ਵੇਖ ਸਕਦੇ ਹਾਂ :

ਬਾਰੀਂ ਬਰਸੀਂ ਮੈਂ ਆਇਆ, ਮੈਂ ਵਾਰੀ ਗੋਰੀਏ,
ਕਿਥੋਂ ਲਿਆਂਦਾ ਨੰਦ ਲਾਲ।
ਨੰਦਪੁਰ ਮੇਲੇ ਮੈਂ ਗਈ, ਮੈਂ ਵਾਰੀ ਸਿੰਘ ਜੀ,
ਉਥੋਂ ਲਿਆਂਦਾ ਨੰਦ ਨਾਲ।
ਲੈ ਕਿਰਪਾਨ ਵੱਢ ਸੁੱਟਾਂ, ਮੈਂ ਵਾਰੀ ਗੋਰੀਏ,
ਟੋਟੇ ਕਰਾਂ ਮੈਂ ਏਦੇ ਚਾਰ।
ਤਾਏ ਚਾਚੇ ਖੜੇ ਰਹੇ, ਮੈਂ ਵਾਰੀ ਸਿੰਘ ਜੀ,
ਕਿਸੇ ਨਾ ਫੜੀ ਕਿਰਪਾਨ।
ਉੱਠ ਨੀ ਮੇਰੀਏ ਗੋਰੀਏ, ਮੈਂ ਵਾਰੀ ਗੋਰੀਏ,
ਉੱਠ ਕੇ ਲਾਡ ਲਡਾ।

ਇਹ ਆਖਰੀ ਪੰਗਤੀ ਸਮਾਜਿਕ ਯਥਾਰਥ ਨਹੀਂ, ਕਾਲਪਨਿਕ ਮਨੋ ਇੱਛਤ ਹੱਲ ਹੈ। ਇਥੇ ਲੋਕ ਗੀਤਾਂ ਦੇ ਨਵੇਂ ਪੱਖ ਵੱਲ ਸਾਡਾ ਧਿਆਨ ਕੇਂਦ੍ਰਿਤ ਹੁੰਦਾ ਹੈ। ਲੋਕ ਗੀਤ 'ਹੈ' ਦਾ ਜ਼ਿਕਰ ਕਰਦੇ ਕਰਦੇ 'ਜੋ ਚਾਹੀਦਾ ਹੈ' ਉਸ ਵਲ ਰੁਚਿਤ ਹੋ ਜਾਂਦੇ ਹਨ। ਸਮਾ-ਜਿਕ ਯਥਾਰਥ ਵਿਚ ਅਪ੍ਰਾਪਤੀ ਕਾਲਪਨਿਕ ਸੰਸਾਰ ਵਿਚ ਪ੍ਰਾਪਤੀ ਬਣ ਜਾਂਦੀ ਹੈ। ਇਸਤਰੀ ਨਾਇਕਾ ਵਲੋਂ ਪਤੀ ਦਾ ਮਖੌਲ ਉਡਾਉਣਾ, ਬੁੱਢੇ/ਨਿੱਕੇ/ਕਾਲੇ ਪਤੀ ਨਾਲ ਸ਼ਾਦੀ ਤੋਂ ਇਨਕਾਰ ਅਤੇ ਸਹੁਰੇ ਘਰ ਦੀਆਂ ਰਿਸ਼ਤੇਦਾਰੀਆਂ ਨੂੰ ਇਥੋਂ ਤਕ ਕਿ ਪਤੀ ਨੂੰ ਆਪਣੇ ਪੈਰੀਂ ਪੈਂਦਿਆਂ ਵਿਖਾਉਣਾ, ਕਲਪਣਾ ਵਿਚ ਹੀ ਸੰਭਵ ਹੈ, ਯਥਾਰਥ ਵਿਚ ਨਹੀਂ।

ਮਨੋ-ਇੱਛਾ ਦੀ ਪੂਰਤੀ ਦਾ ਇਕ ਪੱਖ ਆਪਣੇ ਆਪ ਨੂੰ ਸੱਤਾਧਾਰੀ ਹਾਕਮ ਦੇ ਬਰਾਬਰ ਚਿਤਵਣ ਦਾ ਵੀ ਹੈ। ਆਮ ਤੌਰ ਤੇ ਸੱਤਾਧਾਰੀ ਵਰਗ ਦੇ ਹੇਠਲੇ ਵਰਗ ਉਪਰ ਪ੍ਰਭਾਵ ਨੂੰ ਸਵੀਕਾਰ ਕੇ ਹੀ ਚੁੱਪ ਸਾਧ ਲਈ ਜਾਂਦੀ ਹੈ। ਪ੍ਰੰਤੂ ਹੇਠਲੇ ਵਰਗ ਦੀ ਦ੍ਰਿਸ਼ਟੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਵਰਗ ਉਪਰਲੇ ਨਾਲ ਕਾਲਪਨਿਕ ਬਰਾਬਰੀ ਵਿਚ ਆਤਮ ਸੰਤੁਸ਼ਟੀ ਲੱਭਦਾ ਹੈ। 'ਘੋੜੀਆਂ' ਇਸਦੀ ਪ੍ਰਤੱਖ ਮਿਸਾਲ ਹਨ, ਜਿਹਨਾਂ ਵਿਚ ਆਮ ਤੌਰ ਤੇ ਸਮੁੱਚੇ ਵਿਆਹ ਕਾਰਜ ਨੂੰ ਜਾਗੀਰਦਾਰੀ ਦੀ ਚੜ੍ਹਤ ਅਨੁਸਾਰ ਪੇਸ਼ ਕਰਕੇ ਕਾਲਪਨਿਕ ਸ਼ਾਨੋ ਸ਼ੌਕਤ ਦਾ ਇਜ਼ਹਾਰ ਕੀਤਾ ਜਾਂਦਾ ਹੈ। ਬਨਰੇ ਦਾ ਬਾਦਸ਼ਾਹਾਂ ਵਾਂਗ ਕਲਗੀ ਸਜਾਉਣਾ, ਘੋੜੀ ਨੂੰ ਸ਼ਿੰਗਾਰਨਾ, ਬਨਰੇ ਨੂੰ ਡੋਲੇ ਵਿਚ ਲਿਆਉਣਾ, ਮਾਲਣਾਂ ਦੁਆਰਾ ਸਿਹਰੇ ਗੁੰਦਣੇ ਆਦਿ ਸਾਰੇ ਕਾਰਜ ਬਾਦਸ਼ਾਹੀ ਸ਼ਾਨ ਦੀ ਬਰਾਬਰੀ ਕਰਨ ਦੀ ਲਾਲਸਾ ਵਿਚੋਂ ਪੈਦਾ ਹੋਏ ਹਨ।

'ਸੁਹਾਗਾਂ' ਵਿਚ ਵੀ ਉਪ੍ਰੋਕਤ ਪ੍ਰਵਿਰਤੀ ਵੇਖੀ ਜਾ ਸਕਦੀ ਹੈ। ਸੁਹਾਗ ਮੂਲ ਰੂਪ ਵਿਚ ਧੀ ਦੇ ਮਾਪਿਆਂ ਤੋਂ ਵਿਛੜਨ ਤੇ ਪੈਦਾ ਹੋਏ ਅਹਿਸਾਸਾਂ ਨੂੰ ਹੀ ਕਰੁਣਾਮਈ ਸੁਰ ਦਿੰਦਾ ਹੈ। ਜਾਗੀਰਦਾਰੀ ਸਮਾਜ ਵਿਚ (ਮਰਦ ਦੀ ਪ੍ਰਧਾਨਗੀ ਕਾਰਨ) ਇਹ ਅਨੁਭਵ

ਉਪਰਲੇ ਤੇ ਹੇਠਲੇ ਵਰਗ ਦਾ ਸਾਂਝਾ ਅਨੁਭਵ ਹੈ । ਸਮਾਜਿਕ ਤੌਰ ਤੇ ਧੀ ਦਾ ਦਰਜਾ ਨੀਵਾਂ ਹੋਣ ਦੇ ਬਾਵਜੂਦ ਉਹ ਗੀਤਾਂ ਵਿਚ ਆਪਣੇ ਆਪ ਨੂੰ ਰਾਜਕੁਮਾਰੀ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ । ਇਸ ਪ੍ਰਸੰਗ ਵਿਚ ਪਿਓ, ਬਾਬੇ, ਨਾਨੇ, ਮਾਮੇ ਤਾਏ ਤੇ ਚਾਚੇ ਸਾਰੇ 'ਬਾਦਸ਼ਾਹ' ਹਨ ਅਤੇ ਮਾਂ, ਨਾਨੀ, ਮਾਮੀ ਤਾਈ ਤੇ ਚਾਚੀ ਰਾਣੀ ਹੈ । ਇਹਨਾਂ ਨਾਲ ਹੀ, ਵਿਛੜਨ ਵਾਲੀ ਕੁੜੀ, ਮਨੋਭਾਵਨਾਵਾਂ ਸਾਂਝੀਆਂ ਕਰਦੀ ਹੈ । ਗਰੀਬ ਪਿਓ ਵਲੋਂ ਦਿਤਾ ਦਾਜ ਵੀ ਜਾਗੀਰਦਾਰੀ ਦੀਆਂ ਕੀਮਤੀ ਵਸਤਾਂ ਦਾ ਰੂਪ ਧਾਰਣ ਕਰ ਲੈਂਦਾ ਹੈ । ਜਿਸ ਸਮਾਜ ਦੇ ਲੋਕ ਗੀਤਾਂ ਦੀ ਗੱਲ ਕੀਤੀ ਜਾ ਰਹੀ ਹੈ ਉਥੇ ਧੀ ਮਾਪਿਆਂ ਸਿਰ ਭਾਰ ਹੈ, ਜਿਸਨੂੰ ਵਿਆਹ ਕੇ ਹੀ ਮਾਪਿਆਂ ਨੂੰ ਸੁਰਖ਼ਰੂ ਕਿਹਾ ਜਾ ਸਕਦਾ ਹੈ । ਮਾਪੇ ਸਭ ਕੁਝ ਦੇ ਕੇ ਵੀ ਨਿਉਂਦੇ ਹਨ, ਹਾਰਦੇ ਹਨ । ਇਸ ਹਾਰ ਨੂੰ ਪੁੱਤਰਾਂ ਦੇ ਵਿਆਹਾਂ ਤੇ ਜਿੱਤ ਵਿਚ ਬਦਲਿਆ ਜਾਂਦਾ ਹੈ । ਲੜਕੀ ਮੂੰਹੋਂ ਭਾਵੇਂ ਨਾ ਬੋਲੇ ਪਰ ਬਾਬਲ ਦੇ ਘਰ ਪੁੱਤਰਾਂ ਵਾਂਗ ਕਮਾਉਣ ਦਾ ਉਸ ਨੂੰ ਅਹਿਸਾਸ ਜ਼ਰੂਰ ਹੈ । (ਪੁੱਤਰ ਬਣ ਕੇ ਕਮਾਇਆ ਘਰ ਤੁਰੇ, ਦਾਜ ਦੇ ਕੇ ਤਰੀਂ ਬਾਬਲ ਜੀ । ਹੱਥੀ ਦਿੱਤੜਾ ਧੀਆਂ ਨੇ ਲੈ ਜਾਣਾ ਪੁੱਤਾਂ ਨੇ ਜਗੀਰਾਂ ਮੱਲਣੀਆਂ) ।

ਇਸ ਸਭ ਕੁਝ ਦਾ ਇਹ ਭਾਵ ਵੀ ਨਹੀਂ ਕਿ ਹੇਠਲ ਵਰਗ ਦੀ ਆਪਣੀ ਕੋਈ ਸੰਸਕ੍ਰਿਤੀ ਨਹੀਂ ਹੁੰਦੀ । ਹਰ ਮੌਕੇ ਦੀਆਂ ਗੀਤਾਂ ਰਸਮਾਂ ਤੇ ਉਹਨਾਂ ਦਾ ਯਥਾਰਥਵਾਦੀ ਦ੍ਰਿਸ਼ਟੀਕੋਣ ਇਸ ਵਰਗ ਦੀ ਸੰਸਕ੍ਰਿਤੀ ਦਾ ਭਾਗ ਹਨ । ਉਪਰਲੀ ਸੰਸਕ੍ਰਿਤੀ ਦੀ ਚਮਕ ਨੇ ਇਸ ਵਰਗ ਦੇ ਮਨਾਂ ਵਿਚ ਆਪਣੀ ਸੰਸਕ੍ਰਿਤੀ ਪ੍ਰਤਿ ਭਾਵੇਂ ਹੀਣਭਾਵ ਭਰ ਦਿਤਾ ਹੈ, ਪਰ ਇਸ ਭਾਵ ਨੂੰ ਤਿਆਗਣ ਦੇ ਯਤਨ ਵੀ ਸਪਸ਼ਟ ਹਨ । ਇਸ ਚਰਚਾ ਤੋਂ ਇਹ ਵੀ ਸਪਸ਼ਟ ਹੈ ਕਿ ਜਮਾਤੀ ਸਮਾਜ ਵਿਚ ਆਰਥਿਕ ਰਿਸ਼ਤੇ ਸੱਚੀਆਂ ਪ੍ਰਾਕ੍ਰਿਤਕ ਪ੍ਰੇਮ ਭਾਵਨਾਵਾਂ ਨੂੰ ਤੋੜ ਮਰੋੜ ਕੇ ਵਿਕ੍ਰਿਤ ਰੂਪ ਵਿਚ ਪੇਸ਼ ਕਰਦੇ ਹਨ । ਇਸ ਵਿਚ ਸ਼ੱਕ ਨਹੀਂ ਕਿ ਪ੍ਰਾਪਤ ਲੋਕ ਗੀਤ ਵਧੇਰੇ ਜਾਗੀਰਦਾਰੀ ਯੁੱਗ ਦੀ ਉਪਜ ਹਨ, ਪਰ ਨਵੀਨ ਯੁੱਗ ਵਿਚ ਇਹਨਾਂ ਦਾ ਰੂਪਾਂਤ੍ਰਨ ਵੀ ਹੋਇਆ ਹੈ । ਪ੍ਰੰਤੂ ਇਹਨਾਂ ਲੋਕ ਗੀਤਾਂ ਨੇ ਪੁਰਾਤਨ ਸਾਂਸਕ੍ਰਿਤਕ ਅਵਸ਼ੇਸ਼ਾਂ ਨੂੰ ਵੀ ਸਾਂਭ ਕੇ ਰੱਖਿਆ ਹੋਇਆ ਹੈ, ਜਿਸ ਤੋਂ ਲੋਕ ਗੀਤਾਂ ਦੀ ਪ੍ਰਾਚੀਨਤਾ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ ਹੈ ।

ਲੋਕ ਗੀਤਾਂ ਦਾ ਸਮਾਜਿਕ ਸ਼੍ਰਮ ਨਾਲ ਨਜ਼ਦੀਕੀ ਸਬੰਧ ਹੈ । ਮਿਹਨਤ ਕਰਦਾ ਵਿਅਕਤੀ ਰਾਹਤ ਲਈ ਸਹਿਜ ਭਾਵ ਵਿਚ ਹੀ ਗੀਤ ਰਚਨਾ ਕਰਦਾ ਰਿਹਾ ਹੈ, ਜਿਸ ਨਾਲ ਮਿਹਨਤ ਵਿਚ ਸੁਹਜ ਦਾ ਸੰਚਾਰ ਵੀ ਹੋਇਆ ਹੈ । ਪ੍ਰੇਮ ਗੀਤਾਂ ਵਿਚ ਇਹ ਸਬੰਧ ਸਿੱਧਾ ਵਿਖਾਈ ਨਹੀਂ ਦਿੰਦਾ, ਪਰ ਮੂਲ ਰੂਪ ਵਿਚ ਬਹੁਤ ਸਾਰੇ ਗੀਤ ਮਿਹਨਤ ਦੀ ਉਪਜ ਹੀ ਹਨ । ਉਹਨਾਂ ਗੀਤਾਂ ਵਿਚ ਇਸ ਤੱਥ ਦੀ ਪੁਸ਼ਟੀ ਮਿਲ ਜਾਂਦੀ ਹੈ ਜਿਹਨਾਂ ਵਿਚ ਖੇਤੀ ਬਾੜੀ ਦੇ ਕਾਰਜਾਂ ਦੇ ਨਾਲ ਨਾਲ ਪ੍ਰਮ ਭਾਵਨਾਵਾਂ ਨੂੰ ਵੀ ਉਜਾਗਰ ਕੀਤਾ ਗਿਆ ਹੈ ।

ਮਾਏ ਨੀ ਪੋਸਤ ਮੇਰਾ ਬੀਜਿਆ, ਝੰਗ ਸਿਆਲਾਂ ਦੇ ਖੂਹ ਤੇ ।
ਕਿਤੇ ਮਿਲ ਵੇ ਦਿਲਾਂ ਦਿਆ ਜਾਣੀਆ, ਝੰਗ ਸਿਆਲਾਂ ਦੇ ਖੂਹ ਤੇ ।......
ਮਾਏ ਨੀ ਪੋਸਤ ਮੈਂ ਹੀ ਗਾਹ ਲਿਆ, ਝੰਗ ਸਿਆਲਾਂ ਦੇ ਖੂਹ ਤੇ ।



ਕਿਤੇ ਮਿਲ ਵੇ ਦੰਮਾਂ ਦਿਆ ਲੋਭੀਆ,
ਕਿਤੇ ਮਿਲ ਵੇ ਦਿਲਾਂ ਦਿਆ ਪਿਆਰਿਆ,
ਕਿਤੇ ਮਿਲ ਵੇ ਝੰਗ ਸਿਆਲਾਂ ਦੇ ਖੂਹ ਤੇ ।

ਯਥਾਰਥਵਾਦੀ ਦ੍ਰਿਸ਼ਟੀਕੋਣ ਅਪਨਾਉਣ ਕਾਰਣ ਲੋਕ ਗੀਤਾਂ ਵਿਚ ਰਹੱਸਵਾਦੀ ਕਾਲਪਨਿਕ ਉਡਾਰੀਆਂ ਲਈ ਕੋਈ ਥਾਂ ਨਹੀਂ । ਇਨ੍ਹਾਂ ਵਿਚ ਤਾਂ ਦੇਵਤਿਆ ਅਤੇ ਮਹਾਂ-ਪੁਰਖਾਂ ਨੂੰ ਵੀ ਸਾਧਾਰਨ ਮਨੁੱਖੀ ਭਾਵਨਾਵਾਂ ਦਾ ਮੁਜੱਸਮਾਂ ਦਰਸਾ ਕੇ ਉਨ੍ਹਾਂ ਪ੍ਰਤਿ ਜਨ-ਸਾਧਾਰਣ ਦਾ ਵਤੀਰਾ ਸਪੱਸ਼ਟ ਕੀਤਾ ਜਾਂਦਾ ਹੈ । ਲੋਕ ਗੀਤਾਂ ਦੀ ਇਹ ਪ੍ਰਵਿਰਤੀ ਸਾਨੂੰ ਇਸ ਮਨੁੱਖੀ ਭਾਵਨਾ ਨਾਲ ਜਾਣ ਪਛਾਣ ਕਰਵਾਉਂਦੀ ਹੈ ਜਿਸ ਅਨੁਸਾਰ ਮਨੁੱਖ ਸਵੈ-ਸਿਰਜੇ ਦੇਵੀ ਦੇਵਤਿਆਂ ਨਾਲ ਇਕਮਿਕ ਵੀ ਹੈ ਤੇ ਉਨ੍ਹਾਂ ਤੋਂ ਡਰਦਾ ਵੀ ਹੈ । ਲੋਕਗੀਤਾਂ ਦਾ ਰਚਨਾਕਾਰ ਨਾ ਕੇਵਲ ਦੇਵੀ ਦੇਵਤਿਆਂ ਵਿਚ ਮਨੁੱਖੀ ਕਮਜ਼ੋਰੀਆਂ ਨੂੰ ਹੀ ਆਰੋਪਤ ਕਰਦਾ ਸਗੋਂ ਸਮਾਜਿਕ ਪ੍ਰਸਥਿਤੀਆਂ ਵਿਚ ਇਨ੍ਹਾਂ ਤੋਂ ਮਨੋਰੰਜਨ ਵੀ ਲੈਂਦਾ ਹੈ । ਸਿੱਠਣੀਆਂ ਵਿਚ ਸ਼ਿਵਜੀ ਨੂੰ ਸਾਲੀਆਂ ਦੀ ਸਿੱਠ ਦਾ ਸ਼ਿਕਾਰ ਹੋਣਾ ਪੈਂਦਾ ਹੈ । ਸਪੱਸ਼ਟ ਹੈ ਲੋਕ ਗੀਤ ਕਲਪਣਾਂ ਰਾਹੀਂ ਅਪ੍ਰਾਪਤ ਦੀ ਪ੍ਰਾਪਤੀ ਵੀ ਕਰਦੇ ਹਨ ਅਤੇ ਉਚੇਰੀਆਂ ਸ਼ਖ਼ਸ਼ੀਅਤਾਂ ਦੇ ਕੱਦ ਨੂੰ ਆਪਣੇ ਕੱਦ ਮੁਤਾਬਕ ਵੀ ਕਰ ਲੈਂਦੇ ਹਨ ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਲੋਕ ਗੀਤਾਂ (ਇਸਤ੍ਰੀ ਦੁਆਰਾ ਸਿਰਜੇ ਲੋਕ ਗੀਤਾਂ) ਦੇ ਕੇਂਦਰ ਵਿਚ ਇਸਤ੍ਰੀ ਹੈ । ਉਸ ਰਾਹੀਂ ਹੀ ਸ਼ਰੀਕੇ ਭਾਈਚਾਰੇ ਦੀਆਂ ਵਿਰੋਧਤਾਈਆਂ ਉਜਾਗਰ ਹੁੰਦੀਆਂ ਹਨ । ਭਾਈਚਾਰਕ ਵਿਰੋਧਤਾਈਆਂ ਨੂੰ ਆਰਥਿਕਤਾ ਨਿਰਧਾਰਿਤ ਕਰਦੀ ਹੈ । ਨਵ-ਵਿਆਹੁਤਾ ਇਸਤ੍ਰੀ ਦਾ ਸੱਸ-ਸਹੁਰੇ, ਜੇਠ ਜਿਠਾਣੀ, ਦੇਰ-ਦਰਾਣੀ ਅਤੇ ਨਨਾਣ ਨਾਲ ਰਿਸ਼ਤਾ ਇਸੇ ਆਰਥਿਕਤਾ ਤੋਂ ਰੂਪ ਗ੍ਰਹਿਣ ਕਰਦਾ ਹੈ । ਇਸਤ੍ਰੀ ਦਾ ਮਾਪਿਆਂ ਪ੍ਰਤਿ ਵਿਉਹਾਰ ਸਹਿਰਦ ਤੇ ਭਾਵੁਕ ਹੈ, ਪਰੰਤੂ ਸ਼ਰੀਕੇ ਪ੍ਰਤਿ ਇਹੀ ਵਿਉਹਾਰ ਖਰਵੀ ਕਿਸਮ ਦਾ ਹੈ । ਮਖੌਲ ਤੋਂ ਆਰੰਭ ਹੋ ਕੇ ਇਹ ਵਿਉਹਾਰ ਨਿੰਦਾ ਵਿਚ ਸਮਾਪਤ ਹੁੰਦਾ ਹੈ । ਨਨਾਣ ਪਰਾਇਆ ਧੰਨ ਹੈ ਪਰੰਤੂ ਉਸਦਾ ਸ਼ਰੀਕ ਵਾਲਾ ਵਰਤਾਰਾ ਉਸਨੂੰ ਵਿਅੰਗ ਖੇਤਰ ਵਿਚ ਪੁਚਾ ਦਿੰਦਾ ਹੈ । 'ਸ਼ਰੀਕ ਮਿੱਟੀ ਦਾ ਵੀ ਬੁਰਾ ਹੁੰਦਾ ਹੈ ।' ਸ਼ਰੀਕੇ ਵਿਚੋਂ ਸਭ ਤੋਂ ਤ੍ਰਿਸਕਾਰ ਯੋਗ ਪਾਤਰ-ਸੌਕਣ ਦਾ ਹੈ । ਸੌਕਣ ਦੇ ਨਾ ਕੇਵਲ ਜਾਇਦਾਦ ਨੂੰ ਹੀ ਵੰਡਾਉਣਾ ਹੁੰਦਾ ਹੈ ਸਗੋਂ ਪਹਿਲੀ ਪਤਨੀ ਤੋਂ ਉਸਦੇ ਪਤੀ ਨੂੰ ਵੀ ਖੋਹ ਲੈਣਾ ਹੁੰਦਾ ਹੈ । ਇਸੇ ਲਈ ਸੌਕਣ ਸੰਬੰਧੀ ਗੀਤਾਂ ਵਿਚ ਪਹਿਲੀ ਪਤਨੀ ਦੀਆਂ ਮਨੋਵੇਦਨਾਵਾਂ ਨੂੰ ਸ਼ਬਦੀ ਰੂਪ ਮਿਲਿਆ ਹੈ । ਲੋਕਾਂ ਦੀ ਹਮਦਰਦੀ ਪਹਿਲੀ ਪਤਨੀ ਨਾਲ ਹੈ ।

ਮਰਦ ਪ੍ਰਧਾਨ ਸਮਾਜ ਵਿਚ ਮਰਦ ਜਾਇਦਾਦ ਦਾ ਹੀ ਵਾਰਿਸ ਨਹੀਂ, ਸਗੋਂ ਸਮੁੱਚੀਆਂ ਸਮਾਜਿਕ ਸਰਗਰਮੀਆਂ ਦਾ ਕੇਂਦਰ ਹੈ । ਖੁਸ਼ੀਆਂ ਗਮੀਆਂ ਵੀ ਉਸ ਦੀ ਹੋਣੀ ਨਾਲ ਜੁੜ ਜਾਂਦੀਆਂ ਹਨ । ਥ੍ਰਿਆਈਆਂ (ਜਨਮ-ਗੀਤ) ਇਸੇ ਮਰਦ ਪ੍ਰਧਾਨ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹਨ । ਪ੍ਰਗਟਾ ਦਿੰਦੀ ਹੈ, ਇਸਤ੍ਰੀ । ਲੜਕੀ ਦੇ ਜੰਮਣ ਤੇ ਕਿਸੇ ਕਿਸਮ

ਦੇ ਗੀਤ ਗਾਏ ਜਾਣ ਦੀ ਰੀਤ ਨਹੀਂ । ਇਉਂ ਬ੍ਰਿਆਈਆਂ ਸਾਡੇ ਸਭਿਆਚਾਰਕ ਉਲਾ ਦੀ ਕਹਾਣੀ ਵੀ ਪਾਉਂਦੀਆਂ ਹਨ । ਪਰਿਵਾਰ ਵਿਚ ਜਾਇਦਾਦ ਦੇ ਵਾਰਿਸ ਅਤੇ ਸਮਾ ਦੇ ਕੇਂਦਰ ਬਣਨ ਵਾਲੇ ਲੜਕੇ ਦੇ ਪੈਦਾ ਹੋਣ ਉਪਰ ਖੁਸ਼ੀਆਂ ਦਾ ਪ੍ਰਗਟਾਵਾ ਸੁਭਾਵ ਹੈ । ਸ਼ਰੀਕਾਂ ਦਾ ਜਾਇਦਾਦ ਖੁੱਸਣ ਦਾ ਡਰ ਵੀ ਅਸੁਭਾਵਕ ਨਹੀਂ ।

ਢੋਲਾ ਅੱਧੀ ਅੱਧੀ ਰਾਤੀਂ ਕੋਈ ਵਡੜੇ ਸਵੇਰ,
ਮਾਂਡਲ ਕਿਸ ਘਰ ਜੀ ਵਜਦੇ ।......
ਢੋਲਾ ਮਾਰੀਏ ਵੱਟਾ ਕੋਈ ਕਰਾਂ ਚਕਨਾਚੂਰ,
ਭਾਈਆਂ ਦੇ ਵੇਹੜੇ ਜੀ ਨਾ ਸੱਜਦੇ ।

ਪੁੱਤਰ ਜੰਮਣ ਕਾਰਣ ਇਸਤ੍ਰੀ ਦਾ ਸਮਾਜਿਕ ਦਰਜਾ ਉਚੇਰਾ ਹੁੰਦਾ ਹੈ, ਤੇ ਉ ਆਪਣੇ ਪਤੀ ਪਾਸੋਂ ਕੋਈ ਵੀ ਵਸਤੂ ਮੰਗਣ ਦੀ ਹੱਕਦਾਰ ਹੋ ਜਾਂਦੀ ਹੈ । ਮਾਣ ਅਧੀ ਉਹ ਸਮੁੱਚੇ ਸ਼ਰੀਕੇ ਨੂੰ ਨੀਵਾਂ ਦਿਖਾਉਣ ਦਾ ਅਧਿਕਾਰ ਵੀ ਪ੍ਰਾਪਤ ਕਰ ਲੈਂਦੀ ਹੈ ਬ੍ਰਿਆਈਆਂ ਵਿਚ ਜੰਮਣ ਸਮੇਂ ਦੀਆਂ ਗੀਤਾਂ-ਰਸਮਾਂ ਵੀ ਸਹਿਜ ਭਾਅ ਹੀ ਪ੍ਰਗ ਹੋਈਆਂ ਹਨ ।

ਸਮਾਜ ਦੇ ਜਿਸ ਵਿਕਾਸ ਪੱਬ ਉਪਰ ਅਸੀਂ ਪਏ ਹੋਏ ਹਾਂ ਉਸ ਉਪਰ ਸੱਚੀਅ ਸੁੱਚੀਆਂ ਭਾਵਨਾਵਾਂ ਨਾਲ ਸੰਬੰਧਿਤ ਗੀਤਾਂ ਦੀ ਹੋਂਦ ਵੀ ਖ਼ਤਰੇ ਵਿਚ ਹੈ । ਨਵੀ ਸਭਿਅਤਾ ਤੇ ਸਭਿਆਚਾਰ ਨੂੰ ਆਪਣੇ ਕਲੇਵਰ ਵਿਚ ਲੈ ਕੇ ਇਹ ਲੋਕ ਗੀਤ ਆਪਣੀ ਹੋਂਦ ਕਾਇਮ ਹੀ ਨਹੀਂ ਰੱਖ ਰਹੇ ਸਗੋਂ ਕਈ ਹੋਰ ਸੰਭਾਵਨਾਵਾਂ ਦੀ ਪੈਦਾ ਕਰ ਰਹੇ ਹਨ। ਸਾਡੇ ਵਿਚਾਰ ਵਿਚ ਅਜੇ ਪੰਜਾਬ ਦੇ ਸਾਰੇ ਖਿੱਤਿਆਂ ਨਾਲ ਸੰਬਧਤ ਲੋਕ-ਗੀਤਾਂ ਦਾ ਸਮਾਜਿਕ ਦ੍ਰਿਸ਼ਟੀਕੋਣ ਤੋਂ ਨਿੱਠ ਕੇ ਅਧਿਐਨ ਕਰਨ ਦੀ ਲੋੜ ਹੈ । ਖੁਸ਼ੀ ਦੀ ਗੱਲ ਇਹ ਹੈ ਕਿ ਇਸ ਅਧਿਐਨ ਦੀ ਸ਼ੁਰੂਆਤ ਹੋ ਚੁੱਕੀ ਹੈ ।

ਪੰਜਾਬੀ ਵਿਭਾਗ
ਕੁਰੂਕਸ਼ੇਤਰ ਯੂਨੀਵਰਸਿਟੀ
ਹਰਿਆਣਾ

□





# ਦੋ ਗ਼ਜ਼ਲਾਂ –ਬਾਬਾ ਨਜਮੀਂ (ਪਾਕਿਸਤਾਨ)

—ਮਿੱਟੀ ਪਾਣੀ ਸੱਚਾ ਇੱਕੋ, ਪੱਕੀਆਂ ਵੀ ਇੱਕ ਭੱਠੇ
ਇਹ ਕਿਉਂ ਨਾਲੀ ਵਿੱਚ ਲੱਗੀਆਂ ਨੇ ਉਹ ਕਿਉਂ ਮਹਿਲ ਦੇ ਮੱਥੇ
—ਏਹੋ ਜਿਹਾ ਇੱਕ ਸ਼ਹਿਰ ਵਸਾਵਾਂ, ਜੀ ਤੇ ਕਰਦਾ ਏ ਮੇਰਾ
ਹਾਏ ਦੀ ਵਾਜ ਵੀ ਜਿੱਥੋਂ ਆਵੇ ਸਾਰੀ ਦੁਨੀਆਂ ਨੱਠੇ
—ਖ਼ੌਰੇ ਕਿਹੜੇ ਕੱਚੇ ਕੋਠੇ ਢਹਿਣ ਦੀ ਹੁਣ ਏ ਵਾਰੀ
ਅਸਮਾਨਾਂ ਤੇ ਕਾਲੇ ਬੱਦਲ, ਹੋ ਗਏ ਨੇ ਫਿਰ ਕੱਠੇ
—ਮਾੜੇ ਨੂੰ ਵੱਖ ਬੰਨਣ ਨਾਲੋਂ, ਤਗੜੇ ਦੇ ਸਿਗ ਭੰਨੋਂ
ਸਾਂਝੀ ਖੁਰਲੀ ਵਿਚੋਂ ਜਿਹੜਾ ਖਾਣ ਨਈਂ ਦਿੰਦਾ ਪੱਠੇ ।
—ਸਾਡੇ ਵਿਚ ਕਮੀ ਏ ਕਿਹੜੀ, ਸਾਨੂੰ ਆਖੋ 'ਕੰਮੀ',
ਸਾਡੇ ਨਾਲ ਖਲੋ ਕੇ ਵੇਖਣ, ਰਾਜੇ, ਚੀਮੇਂ, ਚੱਠੇ ।
—ਪਰ੍ਹਿਆਂ ਵਿਚ ਮੈਂ ਤਾਂ ਜਾਵਾਂਗਾ ਸ਼ਰਤ ਮੇਰੀ ਜੇ ਮੰਨੋਂ
ਕਿਸੇ ਵੀ ਇੱਕ ਦੀ ਖਾਤਰ ਓਥੇ ਮੰਜਾਂ ਕੋਈ ਨਾ ਡੱਠੇ
—ਮੰਜ਼ਲ ਉੱਤੇ ਵੇਖ ਕੇ ਮੈਨੂੰ ਦੇਂਦੇ ਅੱਜ ਵਧਾਈਆਂ
ਕਦਮ ਕਦਮ ਤੇ ਜਿਹੜੇ 'ਬਾਬਾ' ਕਰਦੇ ਰਹੇ ਨੇ ਠੱਠੇ ।

□

—ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿੱਚ ਰੱਖ ਦਿੱਤਾ ਏ ਦੀਵਾ ਬਾਲ ਪੰਜਾਬੀ ਦਾ
—ਧੂਤਾਂ ਨਾਲ ਕਦੇ ਨਈਂ ਮਰਨਾ ਸ਼ੀਸ਼ੇ ਦੇ ਲਿਸ਼ਕਾਰੇ ਨੇ
ਜਿੰਨੀ ਮਰਜ਼ੀ ਤਿੱਖੀ ਬੋਲੇ ਉਰਦੂ, ਬਾਲ ਪੰਜਾਬੀ ਦਾ
—ਲੋਕੀਂ ਮੰਗ ਮੰਗਾ ਕੇ ਆਪਣਾ ਬੋਹਲ ਬਣਾ ਕੇ ਬਹਿ ਗਏ ਨੇ
ਅਸਾਂ ਤੇ ਮਿੱਟੀ ਕਰ ਦਿੱਤਾ ਏ ਸੋਨਾ ਗਾਲ ਪੰਜਾਬੀ ਦਾ
—ਜਿਹੜੇ ਆਖਣ ਵਿਚ ਪੰਜਾਬੀ ਵੁਸਅਤ ਨਹੀਂ, ਤਹਿਜ਼ੀਬ ਨਹੀਂ
ਪੜ੍ਹ ਕੇ ਵੇਖਣ, 'ਵਾਰਸ, 'ਬੁੱਲ੍ਹਾ', ਬਾਹੂ, 'ਲਾਲ', ਪੰਜਾਬੀ ਦਾ
—ਤਨ ਦਾ ਮਾਸ ਖਵਾ ਦਿੰਦਾ ਏ, ਜਿਹੜਾ ਇਹਨੂੰ ਪਿਆਰ ਕਰੇ
ਕੋਈ ਵੀ ਜਾਬਰ ਕਰ ਨਈਂ ਸਕਦਾ, ਵਿੰਗਾ ਵਾਲ ਪੰਜਾਬੀ ਦਾ
—ਮਾਂ ਬੋਲੀ ਦੀ ਘਰ ਵਿਚ ਇੱਜ਼ਤ ਕੰਮੀ ਜਿੰਨੀ ਵੇਖ ਰਿਹਾਂ
ਦੇਸ ਪਰਾਏ ਕੀ ਹੋਵੇਗਾ ਖ਼ੌਰੇ ਹਾਲ ਪੰਜਾਬੀ ਦਾ ।
—ਗਰਜਾਂ ਵਾਲੀ ਜੋਕ ਨੇ ਸਾਡੇ ਮਗਰੋਂ ਜਦ ਤੱਕ ਲਹਿਣਾ ਨਈਂ
ਓਨਾ ਚਿਰ ਤੇ ਹੋ ਨਈਂ ਸਕਦਾ ਹੱਕ ਬਹਾਲ ਪੰਜਾਬੀ ਦਾ
—ਹੱਥ ਹਜ਼ਾਰਾਂ ਵਧ ਕੇ 'ਬਾਬਾ' ਘੁੱਟ ਦੇਂਦੇ ਨੇ ਮੇਰਾ ਮੂੰਹ
ਪਰ੍ਹਿਆਂ ਦੇ ਵਿਚ ਜਦ ਵੀ ਚੁੱਕਨਾ ਕੋਈ ਸਵਾਲ ਪੰਜਾਬੀ ਦਾ

ਵਿਚਾਰ-ਚਰਚਾ

# ਨਵੀਂ ਪੰਜਾਬੀ ਕਵਿਤਾ--ਸੰਚਾਰ ਦੀ ਸਮੱਸਿਆ

—ਅਮਰਦੀਪ ਗਿੱਲ

ਨਵੀਂ ਪੰਜਾਬੀ ਕਵਿਤਾ ਵਿਚ ਜਦ ਵੀ ਪਾਠਕਾਂ-ਵਿਦਵਾਨਾਂ ਜਾਂ ਕਵੀਆਂ ਵਿਚਕਾਰ ਕੋਈ ਵਿਚਾਰ-ਚਰਚਾ ਛਿੜਦੀ ਹੈ ਤਾਂ "ਕਵਿਤਾ ਦੇ ਸੰਚਾਰ ਦੀ ਸਮੱਸਿਆ" ਹਮੇਸ਼ਾ ਹੀ ਮੂੰਹ-ਅੱਡੀ ਖੜੀ ਮਿਲਦੀ ਹੈ। ਮੋਟੇ ਤੌਰ 'ਤੇ ਇਸ ਸਮੱਸਿਆ ਦੀ ਪਿੱਠ-ਭੂਮੀ ਵਿਚ ਦੋ ਤਿੰਨ ਨੁਕਤੇ ਉਭਰਕੇ ਸਾਹਮਣੇ ਆਉਂਦੇ ਹਨ ਜਿਵੇਂ ਕਿ : ਨਵੀਂ ਕਵਿਤਾ ਸਮਝ ਬਹੁਤ ਘੱਟ ਆਉਂਦੀ ਹੈ; ਨਵੀਂ ਕਵਿਤਾ ਵਿਚ ਦੁਹਰਾਅ ਬਹੁਤ ਹੈ; ਨਵੀਂ ਕਵਿਤਾ ਸਾਰੀ ਹੀ ਤਕਰੀਬਨ ਇਕੋ ਜਿਹੀ ਹੈ; ਇਹ ਕਵਿਤਾ ਗਲਪ ਦੇ ਵਧੇਰੇ ਨੇੜ ਹੈ ਅਤੇ ਛੰਦਾ-ਬੰਦੀ ਤੋਂ ਰਹਿਤ ਹੋਣ ਕਾਰਨ ਇਸ ਵਿਚ "ਕਾਵਿਕਤਾ" ਦੀ ਘਾਟ ਹੈ ਆਦਿ-ਇਹੋ ਜਿਹ ਮੁੱਦੇ ਹੀ ਮੂਲ-ਰੂਪ ਵਿਚ "ਸੰਚਾਰ ਦੀ ਸਮੱਸਿਆ" 'ਤੇ ਸਾਡਾ ਧਿਆਨ ਵਧੇਰੇ ਕੇਂਦਰਿਤ ਕਰਦੇ ਹਨ ਅਤੇ ਇਸ ਸਮੱਸਿਆ ਦੀ ਗੰਭੀਰਤਾ ਅਤੇ ਤੀਬਰਤਾ ਨੂੰ ਵਧੇਰੇ ਸਥਾਪਿਤ ਕਰਦੇ ਹਨ। ਅਜਿਹ ਮੁੱਦੇ ਵੈਸੇ ਉਦੋਂ ਪੈਦਾ ਹੁੰਦੇ ਹਨ ਜਦ ਕਵੀ, ਆਲੋਚਕ ਜਾਂ ਪਾਠਕ ਆਪਣੇ-ਆਪਣੇ ਪੱਧਰ 'ਤੇ ਕਿਸੇ ਮਾਨਸਿਕ (ਬੌਧਿਕ) ਠਹਿਰਾਅ ਦਾ ਸ਼ਿਕਾਰ ਹੁੰਦੇ ਹਨ। ਉਹ ਕਵਿਤਾ ਦੇ ਰੂਪ, ਬਣਤਰ ਅਤੇ ਵਿਚਾਰਧਾਰਿਕ ਆਧਾਰ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਨਹੀਂ ਹੁੰਦੇ ਅਤੇ ਉਹ ਕਿਸੇ ਕਵਿਤਾ ਨੂੰ ਉਸੇ ਇਕ ਧਰਾਤਲ 'ਤੇ ਪੜ੍ਹ ਲਿਖ ਜਾਂ ਵਿਚਾਰ ਨਹੀਂ ਰਹੇ ਹੁੰਦੇ ਜਿਸ 'ਤੇ ਉਹ ਲਿਖੀ ਪੜ੍ਹੀ ਜਾਂ ਵਿਚਾਰੀ ਜਾਣੀ ਚਾਹੀਦੀ ਹੈ। ਇਸ ਲਈ ਮੇਰੀ ਨਿੱਜੀ ਰਾਇ ਇਹ ਵੀ ਹੈ ਕਿ "ਸੰਚਾਰ ਦੀ ਸਮੱਸਿਆ ਅਸਲ ਵਿਚ ਨਵੀਂ ਪੰਜਾਬੀ ਕਵਿਤਾ ਦੀ ਸਮੱਸਿਆ ਨਹੀਂ ਸਗੋਂ ਕਵੀ, ਪਾਠਕ ਅਤੇ ਆਲੋਚਕ ਦੀ ਸਮੱਸਿਆ ਵਧੇਰੇ ਹੈ।"

ਫਿਰ ਵੀ ਜਦ ਪਾਠਕ ਜਾਂ ਵਿਦਵਾਨ-ਆਲੋਚਕ ਇਹ ਕਹਿੰਦੇ ਹਨ ਕਿ ਨਵੀਂ ਪੰਜਾਬੀ ਕਵਿਤਾ ਸਮਝ ਨਹੀਂ ਆਉਂਦੀ ਜਾਂ ਇਹ ਕਿ ਨਵੀਂ ਕਵਿਤਾ ਸਾਰੀ ਹੀ ਇਕੋ ਜਿਹੀ ਹੈ ਅਤੇ ਕਿਸੇ ਵੀ ਕਵਿਤਾ ਦੀਆਂ ਹੁਣ ਦੋ-ਚਾਰ ਤੁਕਾਂ ਵੀ ਯਾਦ ਨਹੀਂ ਰਹਿੰਦੀਆਂ ਤਾਂ ਇਥੇ ਨਵੇਂ ਕਵੀਆਂ ਨੂੰ ਵੀ ਪਾਠਕ ਜਾਂ ਆਲੋਚਕ ਦੀ ਮਾਨਸਿਕਤਾ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਇਹ ਸਭ ਸਵਾਲ ਹੁਣ ਹੀ ਕਿਉਂ ਉੱਠ ਰਹੇ ਹਨ ? ਦੂਜੇ ਪਾਸੇ ਪਾਠਕ ਅਤੇ ਆਲੋਚਕ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਲਚਕਦਾਰ ਰਵੱਈਆ ਅਪਣਾ ਕੇ ਕਵੀ ਦੀ ਮਾਨਸਿਕਤਾ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਨ।

ਦਰਅਸਲ ਜਦ ਵੀ ਸ਼ਾਇਰ ਸਵੈ-ਕੇਂਦਰਿਤ ਹੋ ਕੇ ਰਚਨਾ ਕਰਦਾ ਹੈ ਅਤੇ ਉਜਦੀ ਰਚਨਾ ਦਾ ਵਿਚਾਰਧਾਰਿਕ-ਆਧਾਰ ਸਿਰਫ ਉਸਦੀਆਂ ਆਪਣੀਆਂ ਨਿੱਜੀ ਸਮੱਸਿਆਵਾਂ



ਕ ਕੇਂਦਰਿਤ ਹੋ ਕੇ ਰਹਿ ਜਾਂਦਾ ਹੈ ਤਾਂ ਉਹ ਅਜਿਹੀ ਰਚਨਾ ਹੀ ਪੈਦਾ ਕਰ ਸਕਦਾ ਕਿ ਸਿਰਫ ਉਸੇ ਨੂੰ ਸਮਝ ਆ ਸਕਦੀ ਹੈ, ਪਾਠਕਾਂ ਜਾਂ ਆਲੋਚਕਾਂ ਦੀ ਸਮਝ ਨਾਲ ਸਦਾ ਰਿਸ਼ਤਾ ਨਹੀਂ ਜੁੜ ਸਕਦਾ। ਇਸੇ ਕਾਰਨ ਮੋਟੇ ਤੌਰ 'ਤੇ ਇਕੋ ਜਿਹੀਆਂ ਸਥਿਤੀਆਂ ਵਿਚ ਵਿਚਰਦੇ, ਇਕੋ ਕਾਲ-ਖੰਡ 'ਚ ਜਿਊਂਦੇ, ਇਕੋ ਪੀੜ੍ਹੀ ਦੇ ਕਵੀਆਂ ਆਂ ਸਮੱਸਿਆਵਾਂ ਵੀ ਤਕਰੀਬਨ ਇਕੋ ਜਿਹੀਆਂ ਹੀ ਹਨ, ਇਥੋਂ ਤਕ ਕਿ "ਨਿੱਜੀ-ਮੱਸਿਆਵਾਂ" ਵੀ। ਸ ਉਹਨਾਂ ਸਮੱਸਿਆਵਾਂ ਅਧੀਨ ਲਿਖੀ ਕਵਿਤਾ ਵੀ ਤਕਰੀਬਨ ਕੋ ਜਿਹੀ ਹੀ ਹੈ।

ਸਮਕਾਲੀ ਨੌਜਵਾਨ ਸ਼ਾਇਰਾਂ ਦੀਆਂ ਕਵਿਤਾਵਾਂ ਦੀ ਵੱਡੀ ਗਿਣਤੀ ਅਜਿਹੀ ਹੈ ਜੋ ਉਹਨਾਂ ਦੀਆਂ ਅਤਿ-ਨਿੱਜੀ ਸਮੱਸਿਆਵਾਂ ਦੀ ਤਰਜਮਾਨੀ ਕਰਦੀ ਹੈ ਆਮ ਪਾਠਕਾਂ ਇੰਨ੍ਹਾਂ ਨਾਲ ਸ਼ਾਇਦ ਹੀ ਕੋਈ ਸਰੋਕਾਰ ਹੋਵੇ ! ਵੈਸੇ ਇਸ ਰੋਗ ਦੇ ਸ਼ਿਕਾਰ ਕੇਵਲ ਮਕਾਲੀ ਸ਼ਾਇਰ ਹੀ ਨਹੀਂ, ਸਗੋਂ ਪੁਰਾਣੇ ਸ਼ਾਇਰ ਵੀ ਅਜਿਹੀਆਂ ਰਚਨਾਵਾਂ ਦਾ ਚਣਹਾਰੇ ਰਹੇ ਹਨ। ਅਸਲ ਵਿਚ ਪੰਜਾਬੀ ਕਵਿਤਾ ਵਿਚ ਸਮੇਂ-ਸਮੇਂ ਚੱਲੀਆਂ ਵੱਖ-ਵੱਖ 'ਵਾਦਾਂ" ਦੀਆਂ ਲਹਿਰਾਂ ਦਾ ਵੀ ਇਸ ਤਰ੍ਹਾਂ ਦੀ ਰਚਨਾ ਲਈ ਪਿੱਠ-ਭੂਮੀ ਤਿਆਰ ਕਰਨ ਵਿਚ ਵੱਡਾ ਹੱਥ ਹੈ। ਹੋਰਨਾਂ ਦੇਸ਼ਾਂ, ਸਭਿਆਚਾਰਾਂ ਅਤੇ ਓਪਰੇ ਹਾਲਤਾਂ ਤੋਂ ਪ੍ਰਭਾਵਿਤ ਪੰਜਾਬੀ ਕਵਿਤਾ ਵਿਚ ਘੁਸਪੈਠ ਕਰਨ ਵਾਲੇ ਵੱਖ-ਵੱਖ "ਵਾਦ" ਜੋ ਕਿ ਮੂਲ-ਸਿਧਾਂਤਕ-ਰੂਪ ਵਿਚ ਸਾਡੀਆਂ ਪ੍ਰਸਥਿੱਤੀਆਂ ਅਤੇ ਮਾਨਸਿਕਤਾ ਤੋਂ ਭਿੰਨ ਸਨ, ਉਹਨਾਂ ਨੇ ਹੀ ਬਹੁਤ ਦ ਤੀਕ ਪੰਜਾਬੀ ਕਵਿਤਾ ਵਿਚ ਅਜਿਹਾ "ਧੰਧੂਕਾਰਾ" ਵਰਤਾਇਆ। ਉਦਾਹਰਣ ਦੇ ਤੌਰ 'ਤੇ ਅਸੀਂ "ਪ੍ਰਯੋਗਵਾਦੀ" ਕਵਿਤਾ ਨੂੰ ਇਸ ਸੰਦਰਭ 'ਚ ਵਿਚਾਰ ਸਕਦੇ ਹਾਂ। ਭਾਵੇਂ ਅਜਿਹੀ ਅਸ਼ਪਸ਼ਟਤਾ ਕੁਝ ਕਵੀਆਂ 'ਚ ਅਚੇਤ ਤੌਰ 'ਤੇ ਹੀ ਭਾਰੂ ਹੋਵੇ, ਪਰ ਬਹੁਤ ਸਾਰੇ ਕਵੀਆਂ ਨੇ ਜਾਣ-ਬੁੱਝ ਕੇ "ਵਿਲੱਖਣਤਾ" ਦੇ ਵਿਖਾਵੇ ਲਈ ਇਹ ਗੰਧਲਾਪਣ ਪੈਦਾ ਕੀਤਾ ਹੈ।

ਇਸਦੇ ਉਲਟ ਨਵੀਂ ਜਾਂ ਪੁਰਾਣੀ ਕਵਿਤਾ ਵਿਚ ਜਦ ਵੀ ਲੋਕ-ਮਨਾਂ ਦੀ ਤਰਜ਼ਮਾਨੀ ਲੋਕਾਂ ਦੀ ਭਾਸ਼ਾ ਵਿਚ, ਲੋਕ-ਸਭਿਆਚਾਰ ਅਤੇ ਆਮ ਜੀਵਨ ਦੇ ਵਰਤਾਰਿਆਂ ਅਤੇ ਬਿੰਬਾਂ ਰਾਹੀਂ ਕੀਤੀ ਗਈ ਹੈ ਤਾਂ ਉਥੇ ਪਾਠਕਾਂ-ਵਿਦਵਾਨਾਂ ਨੇ "ਖੁੱਲ੍ਹੀ" ਜਾਂ "ਛੰਦ-ਬੱਧ" ਕਵਿਤਾ ਦਾ ਫ਼ਰਕ ਕੀਤੇ ਬਗੈਰ ਕਵੀਆਂ ਅਤੇ ਕਵਿਤਾ ਨੂੰ ਕਾਲ-ਮੁਕਤ ਸਤਿਕਾਰਿਆ ਹੈ। ਪਾਸ਼ ਦੀ ਕਵਿਤਾ, ਜ.ਸ. ਆਹਲੂਵਾਲੀਆਂ, ਜ.ਸ. ਨੇਕੀ, ਸਤੀ ਕੁਮਾਰ ਜਾਂ ਹਰਨਾਮ ਜਿਹੇ ਕਵੀਆਂ ਦੀ ਕਵਿਤਾ ਦੇ ਮੁਕਾਬਲੇ, ਇਸ ਸੰਦਰਭ 'ਚ ਇਕ ਸਰਵ-ਪ੍ਰਵਾਨਿਤ ਉਦਾਹਰਣ ਹੈ।

ਇਥੇ ਇਹ ਗੱਲ ਇਕ ਵੇਰ ਫਿਰ ਸ਼ਪਸ਼ਟ ਕਰਨੀ ਜ਼ਰੂਰੀ ਹੈ ਕਿ ਪਾਠਕਾਂ-ਆਲੋਚਕਾਂ ਨੂੰ ਸਿਰਫ ਕਵੀਆਂ ਤੋਂ ਹੀ ਇਹ ਉਮੀਦ ਨਹੀਂ ਸੀ ਕਰਨੀ ਚਾਹੀਦੀ ਕਿ ਉਹ ਉਹਨਾਂ ਦੇ ਸਮਝ ਆਉਣ ਵਾਲੀ ਜਾਂ ਯਾਦ ਰਹਿਣ ਵਾਲੀ ਕਵਿਤਾ ਲਿਖਣ ਸਗੋਂ ਪਾਠਕ-ਆਲੋਚਕਾਂ ਨੂੰ ਖੁਦ ਵੀ ਪੁਰਾਣੀਆਂ ਰੂੜੀਆਂ ਤੋਂ ਉੱਪਰ ਉੱਠ ਕੇ ਕਵਿਤਾ ਦੇ ਨਵੇਂ ਰੂਪ ਨੂੰ ਸਵੀਕਾਰ

ਕਰਨਾ ਅਤੇ ਮਾਨਤਾ ਦੇਣੀ ਚਾਹੀਦੀ ਹੈ। ਕਿਉਂਕਿ ਤਬਦੀਲੀ ਕੁਦਰਤ ਦਾ ਅਸੂਲ ਅਤੇ ਵਿਕਾਸ ਦਾ ਆਧਾਰ ਵੀ ! ਇਸ ਲਈ ਬਿਨਾਂ ਕਿਸੇ ਦਲੀਲ ਦੇ ਇਹੋ ਸਮਝੀ ਜਾ ਕਿ ਪੁਰਾਣੀ ਕਵਿਤਾ ਚੰਗੀ ਸੀ, ਨਵੀਂ ਬੇਕਾਰ ਹੈ ਜਾਂ ਪੁਰਾਣੀ ਕਵਿਤਾ ਯਾਦ ਰਹਿੰਦੀ ਹੁਣ ਵਾਲੀ ਕਵਿਤਾ ਯਾਦ ਨਹੀਂ ਰਹਿੰਦੀ। ਇਹ ਸਭ ਗੈਰ-ਵਿਗਿਆਨਕ ਅਤੇ ਬਚਗਾ ਵਿਚਾਰ ਹਨ। ਜਿਵੇਂ ਜਿਵੇਂ ਪ੍ਰਸਥਿੱਤੀਆਂ ਦੀ ਜਟਿੱਲਤਾ ਵਧਦੀ ਹੈ, ਉਵੇਂ-ਉਵੇਂ ਸਾਹਿ ਵੰਗਨੀਆਂ ਦੀ ਰੂਪ-ਬਣਤਰ ਵੀ ਤਬਦੀਲ ਹੁੰਦੀ ਜਾ ਰਹੀ ਹੈ ਅਤੇ ਇਹ ਜ਼ਰੂਰੀ ਵੀ ਹੈ ਸਾਰੀ ਨਵੀਂ ਕਲਾ ਅਤੇ ਸਾਹਿਤ ਵਿਚ ਬੌਧਿਕਤਾ ਭਾਰੂ ਹੈ ਜੋ ਕਿ ਵਿਕਾਸ ਦਾ ਪ੍ਰਤੀਕ ਹੈ ਇਸ ਲਈ ਇਹ ਵਿਚਾਰਨਾ ਪਹਿਲਾਂ ਜਰੂਰੀ ਹੈ ਕਿ ਨਵੀਂ ਪੰਜਾਬੀ ਕਵਿਤਾ ਵੀ ਬੌਧਿਕਤਾ ਅਧੀਨ ਹੀ ਜਟਿੱਲ ਹੋਈ ਹੈ ਜਾਂ ਪੁਰਾਣੀ ਕਵਿਤਾ ਨਾਲੋਂ ਰੂਪਕ ਜਾਂ ਬਣਤਰ ਪੱਖੋਂ ਹੀ ਵੱਖ ਹੋਈ ਹੈ ?

ਨਵੀਂ ਪੰਜਾਬੀ ਕਵਿਤਾ ਦੀ ਬਣਤਰ ਅਤੇ ਰੂਪਕ ਪੱਖ ਬਾਰੇ ਵੀ ਆਲੋਚਕ ਵਿਦਵਾਨਾਂ ਅਤੇ ਸ਼ਾਇਰਾਂ ਵਿਚ ਕਾਫ਼ੀ ਮਤਭੇਦ ਪਾਏ ਜਾਂਦੇ ਹਨ। ਪੰਜਾਬੀ ਵਿਚ ਖੁੱਲ੍ਹ ਕਵਿਤਾ ਦਾ ਚਲਨ ਭਾਵੇਂ ਆਮ ਹੋ ਗਿਆ ਹੈ ਪਰ ਹਾਲੇ ਵੀ ਇਹ ਰੂਪ ਸਰਵ-ਪ੍ਰਵਾਨਿ ਜਾਂ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋਇਆ। ਭਾਵੇਂ ਸਾਰੇ ਸੰਸਾਰ ਵਿਚ ਕਵਿਤਾ ਦਾ ਇ ਰੂਪ ਹੀ ਪ੍ਰਚਲਤ ਹੈ ਤਰ ਸਾਡੀ ਮਾਨਸਿਕਤਾ ਹਾਲੇ ਵੀ ਲੈਅ-ਬੱਧ ਕਵਿਤਾ ਤੋਂ ਮੁਕ ਨਹੀਂ ਹੋਈ। ਪੰਜਾਬੀ ਸਭਿਆਚਾਰ ਦਾ ਹਿੱਸਾ ਲੈਅ-ਮੁਕਤ ਗੀਤ ਕਦੇ ਵੀ ਨਹੀਂ ਰਹੇ ਇਸ ਲਈ ਸਾਡੀ ਬਹੁਗਿਣਤੀ ਦੀ ਸੋਚ ਦਾ ਮੁਹਾਵਰਾ ਹੀ ਕਵਿਤਾ ਲਈ ਲੈਅ-ਬੱਧਤ ਦੇ ਹੱਕ ਵਿਚ ਭੁਗਤਦਾ ਹੈ। ਪਰ ਬਹੁਤ ਹੱਦ ਤੀਕ ਇਹ ਸਾਡੀ ਇਤਿਹਾਸਮੁਖੀ-ਸੋਚ ਦ ਪ੍ਰਤੀਕ ਹੈ ਵਿਕਾਸ ਮੁਖੀ ਦਾ ਨਹੀਂ ! ਕਿਉਂਕਿ ਇਕ ਵਿਦਵਾਨ-ਲੇਖਕ ਦਾ ਕਥਨ ਹੈ ਕਿ ਲੈਅ-ਬੱਧ ਕਵਿਤਾ ਦਾ ਬਚਪਨ ਹੈ ! ਬੱਚੇ ਲਈ "ਲੋਰੀ" ਲੈਅ-ਬੱਧ ਹੋਣੀ ਜਰੂਰੀ ਹੈ ਪ ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਹੈ ਉਸ ਨੂੰ ਲੈਅ-ਮੁਕਤ ਕਵਿਤਾ ਵੀ ਸੁਣਾਈ ਜਾਂ ਪੜ੍ਹਾਈ ਜਾ ਸਕਦੀ ਹੈ ਅਤੇ ਹੌਲੀ-ਹੌਲੀ ਉਸ ਦਾ ਵਿਕਾਸ ਉਸ ਨੂੰ ਇਸ ਪੱਧਰ 'ਤੇ ਲੈ ਆਉਂਦ ਹੈ ਕਿ ਕਵਿਤਾ ਲੈਅ-ਮੁਕਤ ਵੀ ਹੋ ਸਕਦੀ ਹੈ, ਬਸ਼ਰਤੇ ਕਿ ਉਹ ਭੂਤ-ਮੁਖੀ ਹੋ ਕੇ ਵਿਕਾ ਦਾ ਮੁੱਖ ਨਿਰਧਾਰਿਤ ਨਾ ਕਰੇ। ਵਿਕਾਸ ਲਈ ਬਹੁਤ ਸਾਰੀਆਂ ਰੁੱਚੀਆਂ ਅਤੇ ਹੋਰ ਤਿਆਗਣੇ ਪੈਂਦੇ ਹਨ, ਜਿਵੇਂ ਕਿ ਅੰਮ੍ਰਿਤਾ ਪ੍ਰੀਤਮ ਨੇ ਇਕ ਥਾਂ ਕਿਹਾ ਸੀ ਕਿ "ਕੌਫ਼ ਪੀਣ ਲਈ ਟੇਸਟ ਡਿਵਲਪ ਕਰਨਾ ਪੈਂਦਾ ਹੈ। ਕੌਫ਼ੀ ਦਾ ਸੁਆਦ ਚਾਹ ਵਰਗਾ ਕਦੇ ਨਹੀਂ ਹੋ ਸਕਦਾ।" ਇਸੇ ਤਰ੍ਹਾਂ ਹਰ ਨਵੀਂ ਚੀਜ ਨੂੰ ਅਪਣਾਉਣ ਲਈ ਸਾਨੂੰ ਆਪਣੀਆਂ ਰੁੱਚੀਆਂ ਦਾ, ਆਪਣੀ ਸਮਝ ਦਾ ਵਿਕਾਸ ਕਰਨਾ ਚਾਹੀਦਾ ਹੈ। ਇਹ ਉਮੀਦ ਨਹੀਂ ਕਰਨੀ ਚਾਹੀਦੀ ਕਿ ਇਹ ਨਵੀਂ ਚੀਜ਼ ਪੁਰਾਣੀ ਵਰਗੀ ਹੀ ਹੋਵੇ। ਇਹੋ ਗੱਲ ਕਵਿਤਾ 'ਤੇ ਢੁੱਕਦੀ ਹੈ ਕਿ ਨਵੀਂ ਕਵਿਤਾ ਨੂੰ ਸਮਝਣ ਲਈ ਜਾਂ ਮਾਨਤਾ ਦੇਣ ਲਈ ਅਸੀਂ ਆਪਣੀ ਸੋਚ ਦਾ—ਸਮਝ ਦਾ—ਰੁੱਚੀਆਂ ਦਾ ਪੱਧਰ ਉੱਚਾ ਚੁੱਕੀਏ, ਨਾ ਕਿ ਇਹ ਚਾਹੀਏ ਕਿ ਨਵੀਂ ਕਵਿਤਾ ਪੁਰਾਣੀ ਵਰਗੀ ਹੀ ਹੋਵ, ਅਤੇ ਸਾਡੀ ਸੋਚ-ਸਮਝ ਦੇ ਪੱਧਰ ਤੱਕ ਥੱਲੇ ਡਿੱਗੇ। ਨਾ ਹੀ ਕਵੀਆਂ ਤੋਂ ਇਹ ਆਸ ਰੱਖਣੀ ਚਾਹੀਦੀ ਹੈ ਕਿ ਉਹ ਲੋਕਾਂ ਦੇ ਸਮਝ



ਆਉਣ ਵਾਲੀ ਕਵਿਤਾ ਲਿਖ ਣਲਈ ਕਵਿਤਾ ਦੇ ਪੱਧਰ ਨੂੰ ਲੋਕਾਂ ਦੀ ਸੋਚ ਦੇ ਪੱਧਰ ਤੱਕ ਹੇਠਾਂ ਲੈ ਜਾਣ। ਕਵੀਆਂ ਨੂੰ ਚਾਹੀਦੈ ਕਿ ਉਹ ਲੋਕਾਂ ਦੀ ਸੋਚ-ਸਮਝ ਦਾ ਪੱਧਰ ਆਪਣੀ ਕਵਿਤਾ ਤੱਕ ਉੱਚਾ ਚੁੱਕਣ। ਕਵਿਤਾ ਅਤੇ ਲੋਕ-ਮਨਾਂ ਵਿਚ ਖਾਈ ਜਾਂ ਪਾੜ ਨਾ ਪੈਣ ਦੇਣ, ਕਿਉਂ ਕਿ ਇਹੋ ਸੰਚਾਰ ਦਾ ਸੰਕਟ ਹੈ।

ਕਵੀਆਂ-ਲੇਖਕਾਂ ਦੀ ਗਿਣਤੀ ਦਾ ਵਧ ਜਾਣਾ ਵੀ ਇਹ ਸਮੱਸਿਆ ਦਾ ਇਕ ਪਹਿਲੂ ਹੈ। ਪਹਿਲਾਂ ਪੰਜ-ਸੱਤ ਕਵੀਆਂ ਦੇ ਨਾਂਅ ਹੀ ਕਾਵਿਕ—ਚਿਤਰਪੱਟ 'ਤੇ ਉੱਭਰਦੇ ਸਨ। ਉਹ ਭਾਵੇਂ ਗੁਰੂਆਂ ਦਾ ਜ਼ਮਾਨਾ ਸੀ, ਭਾਵੇਂ ਸੂਫ਼ੀ-ਫ਼ਕੀਰਾਂ ਦਾ, ਭਾਵੇਂ ਪ੍ਰੋ: ਪੂਰਨ ਸਿੰਘ, ਵੀਰ ਸਿੰਘ ਜਾਂ ਪ੍ਰੋ: ਮੋਹਣ ਸਿੰਘ ਦਾ। ਪਰ ਹੁਣ ਸੌ—ਡੇਢ ਸੌ ਸ਼ਾਇਰ ਪੰਜਾਬੀ ਰਸਾਲਿਆਂ—ਅਖਬਾਰਾਂ ਵਿਚ ਛਪ ਰਹੇ ਹਨ, ਸੈਂਕੜੇ ਕਿਤਾਬਾਂ ਛਪ ਰਹੀਆਂ ਨੇ। ਵੀਹ-ਪੱਚੀ ਕਵਿਤਾਵਾਂ ਲਿਖਕੇ—ਛਪਵਾ ਕੇ ਹਰ ਕੋਈ ਕਿਤਾਬ ਛਪਵਾ ਮਾਰਦਾ ਹੈ ਅਤੇ ਕੱਚ-ਘਰੜ ਰਚਨਾਵਾਂ ਬਾਰੇ ਵੱਡੇ-ਵੱਡੇ ਵਿਦਵਾਨਾਂ ਤੋਂ ਪੇਪਰ ਲਿਖਵਾ ਕੇ ਸਥਾਪਿਤ ਸ਼ਾਇਰ ਬਣ ਬੈਠਦਾ ਹੈ। ਇਸ ਰੌਲ-ਘਚੌਲੇ 'ਚ ਪਾਠਕ ਵਿਚਾਰਾ ਕੀ ਪੜ੍ਹੇ, ਕੀ ਛੱਡੇ। ਇੰਝ ਹੀ ਕਈ ਵਾਰ ਚੰਗੀ ਰਚਨਾ ਅੱਖੋਂ ਓਹਲੇ ਹੋ ਜਾਂਦੀ ਹੈ, 'ਤੇ ਮਾੜੀ ਰਚਨਾ ਉੱਭਰ ਆਉਂਦੀ ਹੈ। ਕੁੱਝ ਅਜਿਹੇ "ਲੇਖਕ" ਵੀ ਹੁੰਦੇ ਹਨ ਜੋ ਕਿ ਪਹਿਲਾਂ ਕਿਤਾਬ ਛਪਵਾਉਂਦੇ ਹਨ ਅਤੇ ਫਿਰ "ਕਵੀ" ਬਣਦੇ ਹਨ। ਅਜਿਹੇ ਕਵੀ ਜਿਹਨਾਂ ਦੇ ਨਾਂਅ ਤੱਕ ਤੋਂ ਪਾਠਕ ਅਣਜਾਣ ਹੋਣ ਉਹਨਾਂ ਦੀ ਕਿਤਾਬ ਖ਼ਰੀਦ ਕੇ ਪੜ੍ਹਨ ਬਾਰੇ ਉਹ ਸੋਚਦੇ ਹੀ ਬਹੁਤ ਘੱਟ ਹਨ। ਅਜਿਹੇ ਵਰਤਾਰਿਆਂ ਪਿੱਛੇ ਗ਼ੈਰ-ਪ੍ਰਤੀਬਧ ਸਾਹਿਤਕ ਰਸਾਲਿਆਂ ਦੇ ਸੰਪਾਦਕਾਂ, ਲਾਲਚੀ ਪ੍ਰਕਾਸ਼ਕਾਂ ਜਾਂ ਵਪਾਰਕ ਆਲੋਚਕਾਂ ਦਾ ਵੱਡਾ ਹੱਥ ਹੁੰਦਾ ਹੈ। ਜਦ ਗਲਤ ਗੱਲ ਨੂੰ ਪ੍ਰਵਾਨਗੀ ਮਿਲਦੀ ਹੈ ਤਾਂ ਇਨਸਾਨ ਗਲਤ ਨੂੰ ਹੀ ਠੀਕ ਸਮਝਣ ਲਗਦਾ ਹੈ। ਬਹੁਤ ਘੱਟ ਵਿਦਵਾਨ ਨਵੇਂ ਕਵੀਆਂ ਨੂੰ ਯੋਗ ਅਤੇ ਸਹੀ ਸਲਾਹ ਦਿੰਦੇ ਹਨ। ਜ਼ਿਆਦਾਤਰ ਤਾਂ ਜਾਂ ਉਹਨਾਂ ਬਾਰੇ ਕੁੱਝ ਲਿਖਦੇ ਹੀ ਨਹੀਂ, ਅਤੇ ਜੇ ਲਿਖਦੇ ਹਨ ਤਾਂ ਆਪਣੇ "ਸੀਮਤ ਹਿਤਾਂ" ਦੀ ਪੂਰਤੀ ਲਈ ਉਹਨਾਂ ਨੂੰ "ਫੂਕ" ਛਕਾ ਕੇ ਜੜ੍ਹੀਂ ਤੇਲ ਦੇਣ ਵਾਲੀ ਗੱਲ ਕਰਦੇ ਹਨ। ਸਮਕਾਲੀ ਲੇਖਕ ਵੀ ਅਕਸਰ ਅਜਿਹੇ ਹੀ ਚਲਣ ਦੇ ਸ਼ਿਕਾਰ ਹੁੰਦੇ ਹਨ। ਇਥ ਇਕ ਹਰ ਗੱਲ ਵੀ ਵਿਚਾਰਨਯਗ ਹੈ, ਉਹ ਹੈ—ਕਵਿਤਾ ਦੇ ਰਚਣ ਹਾਰਿਆਂ ਦਾ ਵਿਅਕਤੀਗਤ ਕਿਰਦਾਰ। ਜੋ ਕਿ ਰਚਨਾ ਅਤੇ ਪਾਠਕ ਨੂੰ ਕਾਫੀ ਪ੍ਰਭਾਵਿਤ ਕਰਦਾ ਹੈ, ਪਰ ਅਫ਼ਸੋਸ ਕਿ ਪੰਜਾਬੀ ਦੇ ਬਹੁਤ ਸਾਰੇ ਕਵੀਆਂ ਦਾ ਜ਼ਾਤੀ ਕਿਰਦਾਰ ਬਹੁਤਾ "ਆਦਰਸ਼" ਨਹੀਂ ਹੁੰਦਾ, ਅਤੇ ਜਦੋਂ ਪਾਠਕ ਇਸ ਤੋਂ ਜਾਣੂ ਹੁੰਦੇ ਹਨ ਤਾਂ ਉਹਨਾਂ ਦੀ ਉਸ ਖਾਸ ਕਵੀ ਦੀ ਰਚਨਾ ਪ੍ਰਤੀ ਰੁਚੀ ਹੌਲੀ ਹੌਲੀ ਘਟ ਜਾਂਦੀ ਹੈ, ਕਿ ਜਦ ਇਹ ਕਵੀ ਬੰਦੇ ਦੇ ਤੌਰ 'ਤੇ ਹੀਣਾ ਹੈ ਤਾਂ ਫਿਰ ਇਸਦੀ ਰਚਨਾ ਕੀ ਹੋਵੇਗੀ ! ਜਾਂ ਇਹ ਜੋ ਕੁੱਝ ਲਿਖਦਾ ਹੈ ਉਹ ਸਰਾ-ਸਰ ਦਿਖਾਵਾ ਹੈ, ਅਤੇ ਇਸਦੀ "ਕਹਿਣੀ" ਅਤੇ "ਕਰਨੀ" ਵਿਚ ਸੁਮੇਲ ਨਹੀਂ। ਇਹ ਸਭ ਕਵਿਤਾ ਦੇ ਹੱਕ ਵਿਚ ਬਹੁਤ ਹੀ ਮਾੜਾ ਵਰਤਾਰਾ ਹੈ।

ਇਥੇ ਇਕ ਹੋਰ ਛੋਟੀ ਜਿਹੀ, ਪਰ ਮਹੱਤਵਪੂਰਣ ਗੱਲ ਦਾ ਜ਼ਿਕਰ ਜ਼ਰੂਰੀ ਹੈ ਜਿਵੇਂ ਕਿ ਅਸੀਂ ਸਭ ਨੇ ਅਕਸਰ ਵੱਡੇ ਵੱਡੇ ਲੇਖਕਾਂ ਦੀਆਂ "ਸਵੈ-ਜੀਵਨੀਆਂ" ਜ "ਮਲਾਕਾਤਾਂ" ਪੜ੍ਹੀਆਂ ਸੁਣੀਆਂ ਹਨ, ਜਿਹਨਾਂ ਵਿਚ ਜ਼ਿਆਦਾਤਰ ਲੇਖਕ ਕਹਿੰਦੇ-ਲਿਖਦੇ ਹਨ, ਕਿ, "ਮੈਂ ਸ਼ੁਰੂ-ਸ਼ੁਰੂ ਵਿਚ ਕਵਿਤਾ ਲਿਖਦਾ ਸਾਂ, ਫਿਰ ਕਹਾਣੀ ਵੱਲ ਆ ਗਿਆ" ਜਾਂ, "ਨਾਵਲ ਵਲ ਆ ਗਿਆ।" ਬਹੁਤ ਹੀ ਘੱਟ ਲੇਖਕ ਪ੍ਰੌੜ ਅਵਸਥਾਂ ਤਕ ਨਿਰੋ ਕਵੀ ਵਜੋਂ ਸਥਾਪਿਤ ਰਹਿੰਦੇ ਹਨ। ਇਹ ਸਭ ਕਵਿਤਾ ਦੇ ਹੱਕ ਵਿਚ ਨਹੀਂ ਸਗੋਂ ਵਿਰੋ ਵਿਚ ਜਾਂਦਾ ਹੈ ਕਿ ਕਵਿਤਾ ਨੂੰ ਕਿਸੇ ਪ੍ਰਾਇਮਰੀ ਸਕੂਲ ਦੀ ਫੱਟੀ ਵਾਂਗ ਕਿਉਂ ਲਿਆ ਜਾਂਦਾ ਹੈ? ਜਿਸ ਤੇ ਬੱਚਾ ਲਿਖਣਾ ਸਿਖਦਾ ਹੈ। ਵੱਡਾ ਹੋ ਕੇ ਬੱਚਾ ਭਲਾ ਫੱਟੀ ਨੂੰ ਕਿੰਨ ਕੁ ਮਹੱਤਵ ਦਿੰਦਾ ਹੈ? ਇਸ ਲਈ ਲੇਖਕਾਂ ਨੂੰ ਕਵਿਤਾ ਨੂੰ 'ਫਰਾਈ-ਸਾਈਕਲ" ਬਣਾਉਣ ਦੀ ਥਾਂ ਉਸ ਪ੍ਰਤੀ ਗੰਭੀਰ ਹੋਣ ਦੀ ਲੋੜ ਹੈ। ਜਦ ਕਿ ਅੱਜ-ਕਲ੍ਹ ਸ਼ਾਇਦ ਇਸ ਲਈ ਕਹਾਣੀ ਜਾਂ ਨਾਵਲ ਵੱਲ ਆਉਂਦੇ ਹਨ, ਕਿਉਂਕਿ ਉਹਨਾਂ ਵਿਚ ਆਤਮ-ਵਿਸ਼ਵਾਸ਼ ਦੀ ਘਾਟ ਹੁੰਦੀ ਹੈ, ਅਤੇ ਉਹ ਆਪਣੀ ਸੀਮਤ ਬੁੱਧੀ ਅਨਸਾਰ ਇਹ ਸਮਝਦੇ ਹਨ, ਕਿ ਕਵਿਤਾ ਵਿਚ ਬਹੁਤ ਭੀੜ ਹੈ, ਬੜਾ "ਕੰਪੀਟੀਸ਼ਨ" ਹੈ। ਇਸ ਲਈ ਕਹਾਣੀ ਜਾਂ ਨਾਵਲ ਆਦਿ ਵੱਲ ਹੱਥ ਅਜ਼ਮਾਇਆ ਜਾਵੇ। ਕਿਉਂਕਿ ਪਹਿਲਾਂ ਭੀੜ ਘੱਟ ਸੀ, ਅਤੇ ਸਥਾਪਤੀ ਲਈ ਤਤਪਰ ਲੇਖਕ ਇਸ ਤਰ੍ਹਾਂ ਦੇ "ਕੰਪਲੈਕਸ" ਦਾ ਸ਼ਿਕਾਰ ਨਹੀਂ ਸਨ ਹੁੰਦੇ। ਇਸ ਵਿਚ ਅੱਜ ਦੀ ਤੇਜ਼ ਰਫ਼ਤਾਰ, ਜ਼ਿੰਦਗੀ ਦਾ ਅਤੇ ਮਨੁੱਖ ਦੀਆਂ ਵੱਡੀ ਗਿਣਤੀ ਵਿਚ ਅਤੇ ਤੀਬਰ ਗਤੀ ਨਾਲ ਪੈਦਾ ਹੁੰਦੀਆਂ ਅਕਾਂਖਿਆਵਾਂ ਦੀ ਪੂਰਤੀ ਲਈ ਕੀਤੀ ਜਾਂਦੀ ਜਾਇਜ਼ ਨਜਾਇਜ਼ ਦੌੜ-ਭੱਜ ਦਾ ਵੀ ਵੱਡਾ ਹੱਥ ਹੈ, ਅਤੇ ਇਹ ਸਭ ਗੱਲਾਂ ਲੇਖਕਾਂ ਨੂੰ ਕਿਸੇ ਹੱਦ ਤੀਕ ਅਸਪਸ਼ਟਤਾ ਅਤੇ ਦਿਸ਼ਾਹੀਣਤਾ ਦਾ ਸ਼ਿਕਾਰ ਬਣਾਉਂਦੀਆਂ ਹਨ। ਜੋ ਅਸਪਸ਼ਟ ਲੇਖਕ ਅਕਸਰ ਸਪਸ਼ਟ ਜਾਂ ਠੋਸ ਗੱਲ ਆਪਣੀ ਰਚਨਾ ਵਿਚ ਨਹੀਂ ਕਰ ਸਕਦਾ, ਜੋ ਪਾਠਕਾਂ ਨੂੰ ਸਥਾਈ ਰੂਪ ਵਿਚ ਪ੍ਰਭਾਵਿਤ ਕਰ ਸਕੇ।

ਇਹ ਕੁਦਰਤੀ ਹੈ ਕਿ ਹਰ ਲੇਖਕ ਜਾਂ ਆਮ ਵਿਅਕਤੀ ਆਪਣੀ ਜ਼ਿੰਦਗੀ ਦੇ ਇਕ ਖ਼ਾਸ ਪੜਾਅ ਵਿਚ "ਕਵੀ" ਜ਼ਰੂਰ ਹੁੰਦਾ ਹੈ, ਉਹ "ਕਵਿਤਾ" ਲਿਖਦਾ ਹੈ। ਸਭ ਨੂੰ ਹੀ ਉਸ ਪੜਾਅ ਵਿਚ ਕਵਿਤਾ ਲਿਖਣਾ ਸੌਖਾ ਲਗਦਾ ਹੈ। ਫਿਰ ਉਹ ਇਕ ਖ਼ਾਸ ਹੱਦ ਤੀਕ ਕਵਿਤਾ ਨੂੰ ਸੁਣਾਉਂਦਾ ਜਾਂ ਛਪਵਾਉਂਦਾ ਹੈ, ਪਰ ਇਹਨਾਂ ਵਿਚ ਬਹੁਤ ਘੱਟ ਲੋਕ ਹੁੰਦੇ ਹਨ ਜੋ ਕਿ ਕਵੀ ਦੇ ਤੌਰ 'ਤੇ ਸਥਾਪਿਤ ਹੋ ਸਕਦੇ ਹਨ। ਬਹੁਤ ਸਾਰੇ ਲੋਕ ਤਾਂ ਚਿੰਤਨ ਅਤੇ ਚੇਤਨਾ ਤੋਂ ਵਾਂਝੇ ਆਪਣੇ ਸਮਕਾਲੀ ਰਸਾਲਿਆਂ— ਕਵੀਆਂ, ਲੇਖਕਾਂ ਜਾਂ ਕਿਤਾਬਾਂ ਬਾਰੇ ਜਾਣਦੇ ਤੱਕ ਨਹੀਂ ਹੁੰਦੇ। ਅਜਿਹੇ ਲੋਕ ਜੋ ਆਪਣੇ ਆਲੇ-ਦੁਆਲੇ ਤੋਂ ਟੁੱਟ ਕੇ ਅਚੇਤ ਤੌਰ 'ਤੇ ਆਪਣੀ ਉਮਰ ਖਾਸ ਉਮਰ ਵਿਚ ਜਦ ਮਨ ਦੇ ਵਲਵਲਿਆਂ ਨੂੰ ਕਵਿਤਾ ਦਾ ਨਾਂਅ ਦਿੰਦੇ ਹਨ ਤਾਂ ਅਜਿਹੀ ਕਵਿਤਾ ਪਾਠਕਾਂ ਨਾਲ ਕੋਈ ਬਹੁਤ ਲੰਬੀ ਸਾਂਝ ਨਹੀਂ ਪਾ ਸਕਦੀ। ਅਜਿਹੀ ਕਵਿਤਾ ਸਿਰਫ਼ ਆਪਣੇ ਰਚਣਹਾਰੇ ਦੀ ਸੰਤੁਸ਼ਟੀ ਮਾਤਰ ਹੀ ਹੁੰਦੀ ਹੈ। ਚਿੰਤਨ ਸਾਡਾ ਆਦਤ ਜਾਂ ਜ਼ਰੂਰਤ ਨਹੀਂ ਬਣ ਸਕਿਆ ਹਾਲੇ ਤੀਕ। ਹੁਣ ਜੇ ਅਸੀਂ ਚਿੰਤਨ ਨੂੰ ਲਾਂਭੇ ਰੱਖ ਸਾਧਾਰਣ ਪੱਧਰ 'ਤੇ ਵੀ ਕਿਤਾਬਾਂ ਪੜ੍ਹਨ ਜਾਂ ਖਰੀਦਣ ਬਾਰੇ ਵਿਚਾਰ



ਕਰੀਏ ਤਾਂ ਅਸੀਂ ਪਾਵਾਂਗੇ ਕਿ ਆਮ ਲੋਕਾਂ ਦੀ ਗੱਲ ਤਾਂ ਦੂਰ ਸਾਡੀ ਲੇਖਕ ਵੀ ਕਿਤਾਬਾਂ ਖਰੀਦਣ ਜਾਂ ਪੜ੍ਹਨ ਦੀ ਰੁਚੀ ਨਹੀਂ ਪਾਲ ਰਹੇ। ਲੇਖਕ ਚਾਹੁੰਦੇ ਹਨ ਕਿ ਦੂਜਾ ਲੇਖਕ ਉਹਨਾਂ ਨੂੰ ਆਪਣੀ ਕਿਤਾਬ "ਮੋਹ-ਸਹਿਤ" ਭੇਂਟ ਕਰੇ। ਲੇਖਕ ਸਾਹਿਤਕ ਰਸਾਲੇ ਵੀ ਉਹੀ ਖਰੀਦ ਦੇ ਹਨ, ਜਿਹਨਾਂ ਵਿਚ ਉਹਨਾਂ ਦੀ ਆਪਣੀ ਰਚਨਾ ਛਪੀ ਹੋਵੇ। ਦੂਜੇ ਦੀ ਰਚਨਾ ਪੜ੍ਹਨਾਂ ਅਤੇ ਉਸ ਬਾਰੇ ਵਿਚਾਰ ਚਰਚਾ ਕਰਨੀ ਤਾਂ ਦੂਰ ਦੀ ਗੱਲ ਹੈ। ਜਦ ਲੇਖਕਾਂ ਦਾ ਖੁਦ ਦਾ ਇਹ ਹਾਲ ਹੈ. ਫ਼ਿਰ ਇਹ ਲੇਖਕ ਪਾਠਕਾਂ ਤੋਂ ਕੋਈ ਉਮੀਦ ਕਿਉਂ ਰਖਦੇ ਹਨ ?

ਇਥੇ ਪ੍ਰਕਾਸ਼ਕ ਵੀ ਜ਼ਿੰਮੇਂਵਾਰ ਹਨ, ਜੋ ਪਹਿਲੀ ਗੱਲ ਤਾਂ ਕਵਿਤਾ ਦੀ ਕਿਤਾਬ ਛਾਪਦੇ ਹੀ ਨਹੀਂ ਜਾਂ ਵੱਧ ਪੈਸੇ ਲੈ ਕੇ ਗੁੰਮਨਾਮ ਸ਼ਾਇਰਾਂ, ਲੇਖਕਾਂ ਨੂੰ ਛਾਪ ਦਿੰਦੇ ਹਨ, ਜਦ ਕਿ ਯੋਗ ਲੇਖਕ ਕਿਤਾਬਾਂ ਛਪਵਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਫਿਰ ਜਦ ਮਾੜੀ ਰਚਨਾ ਵਾਲੀ ਕਿਤਾਬ ਪਾਠਕ ਜਾਂ ਆਲੋਚਕ ਤੱਕ ਪੁੱਜਦੀ ਹੈ, ਤਾਂ ਉਹ ਉਸੇ ਨੂੰ ਪੜ੍ਹਕੇ ਹੀ ਕਵਿਤਾ ਬਾਰੇ ਆਪਣੀ ਰਾਇ ਕਾਇਮ ਕਰਦਾ ਹੈ। ਜੋ ਕਿ ਅਕਸਰ ਚੰਗੀ ਨਹੀਂ ਹੁੰਦੀ। ਕਿਉਂਕਿ ਕਿਤਾਬ ਦਾ ਛਪਣਾ ਕਿਸੇ ਸ਼ਾਇਰ ਦੀ ਸਥਾਪਤੀ ਦਾ ਚਿੰਨ੍ਹ ਹੈ, ਇਸ ਲਈ ਕਿਤਾਬ ਨਾ ਛਪਵਾ ਸਕਣ ਵਾਲੇ ਸ਼ਾਇਰ ਦੀ ਚੰਗੀ ਰਚਨਾ ਵੀ ਪਾਠਕਾਂ ਅਤੇ ਆਲੋਚਕਾਂ ਵਲੋਂ ਅਣਗੌਲੀ ਹੀ ਰਹਿ ਜਾਂਦੀ ਹੈ। ਬਹੁਤ ਹੱਦ ਤੀਕ ਪ੍ਰਕਾਸ਼ਕ ਪ੍ਰਵਾਸੀ ਲੇਖਕਾਂ ਦੀਆਂ ਕਿਤਾਬਾਂ ਜ਼ਿਆਦਾਤਰ ਛਾਪਦੇ ਹਨ ਅਤੇ ਵੱਧ ਪੈਸੇ ਬਟੋਰਦੇ ਹਨ, ਕਿਉ ਕਿ ਪ੍ਰਵਾਸੀ ਲੇਖਕਾਂ ਕੋਲ ਪ੍ਰਤਿਭਾ ਦੀ ਘਾਟ ਤਾਂ ਹੋ ਸਕਦੀ ਹੈ, ਪਰ ਪੈਸੇ ਦੀ ਨਹੀਂ। ਇਹਨਾਂ ਪ੍ਰਵਾਸੀ ਲੇਖਕਾਂ ਦੀਆਂ ਢਾਈ-ਤਿੰਨ ਸੌ ਕਿਤਾਬਾਂ ਛਾਪ ਕੇ "ਗਿਆਰਾਂ ਸੌ" ਕਿਤਾਬਾਂ ਦੇ ਪੈਸੇ ਲੈ ਲੈਂਦੇ ਹਨ। ਪ੍ਰਵਾਸੀ ਲੇਖਕਾਂ ਨੂੰ ਵਾਪਿਸ ਪਰਤਣ ਸਮੇਂ ਨਾਲ ਲੈ ਜਾਣ ਲਈ ਸੌ-ਡੇਢ ਸੌ ਕਿਤਾਬਾਂ ਦੀ ਲੋੜ ਹੁੰਦੀ ਹੈ। ਸੋ ਉਹ ਜ਼ਿਆਦਾ ਗਿਣਤੀ-ਮਿਣਤੀ ਨਹੀਂ ਕਰਦੇ ਅਤੇ ਪ੍ਰਕਾਸ਼ਕ ਦੇ ਵਾਰੇ-ਨਿਆਰੇ ਹੋ ਜਾਂਦੇ ਹਨ। ਇਸ ਤੋਂ ਇਲਾਵਾ ਅੱਜ-ਕੱਲ੍ਹ ਪ੍ਰਕਾਸ਼ਕ ਆਮ ਕਿਤਾਬ ਦਾ ਮੁੱਲ ਤੀਹ-ਚਾਲੀ ਰੁਪਏ ਤੋਂ ਲੈ ਕੇ ਸੌ ਰੁਪਏ ਤਕ ਰੱਖ ਦਿੰਦੇ ਹਨ। ਇੰਨ੍ਹੀ ਮਹਿੰਗੀ ਕਿਤਾਬ ਅਤੇ ਉਹ ਵੀ ਪੰਜਾਬੀ ਕਵਿਤਾ ਦੀ ਕੌਣ ਖਰੀਦ ਸਕਦਾ ਹੈ? ਫਿਰ ਪ੍ਰਕਾਸ਼ਕ ਕਵਿਤਾ ਦੀ ਕਿਤਾਬ ਛਾਪਣ ਤੋਂ ਗੁਰੇਜ਼ ਕਰਨ ਲੱਗ ਪੈਂਦੇ ਹਨ। ਤੇ ਕਿਤਾਬ ਵਿਕਦੀ ਨਹੀਂ। ਪਾਠਕ ਇੰਨਾਂ ਮਹਿੰਗੀ ਕਿਤਾਬ ਕਿਵੇਂ ਖਰੀਦ ਸਕਦਾ ਹੈ, ਅਤੇ ਕਿੰਨ੍ਹੀਂ ਕੁ ਵੇਰ? ਇਸ ਤਰ੍ਹਾਂ ਦੇ ਧੁੰਦੂਕਾਰੇ ਵਿਚ ਲੇਖਕ, ਪ੍ਰਕਾਸ਼ਕ ਅਤੇ ਪਾਠਕ ਵਿਚਕਾਰ ਖਾਈ ਵਧਦੀ ਜਾਂਦੀ ਹੈ। ਅਤੇ ਲੇਖਕ ਦੀ ਗੱਲ ਵਾਇਆ ਪ੍ਰਕਾਸ਼ਕ ਪਾਠਕ ਤੀਕ ਨਹੀਂ ਪਹੁੰਚ ਸਕਦੀ।

ਇਸ ਤੋਂ ਅੱਗੇ ਸਾਹਿਤਕ-ਰਸਾਲਿਆਂ ਦਾ ਜ਼ਿਕਰ ਆਉਂਦਾ ਹੈ। ਹਰ ਰਸਾਲੇ ਦੇ ਆਪਣੇ-ਆਪਣੇ ਲੇਖਕ-ਪਾਠਕ ਵਰਗ ਬਣੇ ਹੋਏ ਹਨ, ਜਿਨ੍ਹਾਂ ਨੂੰ ਉਹ ਛਾਪਦੇ ਹਨ ਜਾਂ ਜੋ ਉਹਨਾਂ ਨੂੰ ਪੜ੍ਹਦੇ ਹਨ। ਇਹ ਰਸਾਲੇ ਰਚਨਾ ਨੂੰ ਛਾਪਣ ਲਈ ਚੁਣਨ ਸਮੇਂ ਆਪਣਾ ਆਪਣਾ ਵਿਚਾਰਧਾਰਕ ਆਧਾਰ ਵੀ ਵਖ-ਵਖ ਰਖਦੇ ਹਨ। ਅਤੇ ਉਸੇ 'ਤੇ ਆਧਾਰਿਤ

ਰਚਨਾ ਹੀ ਛਾਪਦੇ ਹਨ । ਨਾਲ ਹੀ ਨਾਲ ਹਰ ਦੂਜੇ ਰਸਾਲੇ ਦੇ ਵਰਗ ਨੂੰ ਨਿੰਦਦੇ ਹਨ ਕਾਫ਼ੀ ਹੱਦ ਤੀਕ ਪਾਠਕ ਵੀ ਇਸ ਨਿੰਦਿਆ ਅਧੀਨ ਕਿਸੇ ਖ਼ਾਸ ਵਰਗ ਦਾ ਹੋ ਕੇ ਦੂ ਵਰਗ ਤੋਂ ਕੰਨੀ ਕਤਰਾਉਣ ਲਗਦਾ ਹੈ । ਥੋੜ੍ਹੇ ਥੋੜ੍ਹੇ ਪਾਠਕ, ਥੋੜ੍ਹੇ-ਥੋੜ੍ਹੇ ਲੇਖਕ ਮਿਲ ਕਵਿਤਾ ਲਈ ਵਿਸ਼ਾਲ ਪੱਧਰ 'ਤੇ ਸੰਚਾਰ ਦੀ ਸਮੱਸਿਆ ਪੈਦਾ ਕਰਦੇ ਹਨ । ਕੁੱਝ ਨੌ ਸ਼ਾਇਰ ਹਰ ਪਰਚੇ ਵਿਚ ਛਪਣ ਦੇ ਲਾਲਚ ਅਧੀਨ ਉਸ ਖ਼ਾਸ ਪਰਚੇ ਦੀ ਵਿਚਾਰਧਾ ਅਨੁਸਾਰ ਕਵਿਤਾ ਰਚ ਕੇ ਉਸਨੂੰ ਭੇਜਦੇ ਹਨ, ਜਿਵੇਂ ਕਿ ਉਦਾਹਰਣ ਵਜੋਂ ਇਕ ਸ਼ਾਇ "ਨਾਗਮਣੀ" ਵਿਚ ਛਪਣ ਲਈ ਹੋਰ ਤਰ੍ਹਾਂ ਦੀ ਕਵਿਤਾ ਲਿਖਦਾ, ਅਤੇ "ਸਰਦਲ" ਵਿ ਛਪਣ ਲਈ ਬਿਲਕੁਲ ਇਸਦੇ ਉਲਟ ਹੋਰ ਤਰ੍ਹਾਂ ਦੀ ਵਿਚਾਰਧਾਰਾ ਦੀ । ਇਸ ਤਰ੍ਹਾਂ ਉ ਸ਼ਾਇਰ ਆਪਣੀ ਪ੍ਰਤੀਨਿਧ ਵਿਚਾਰਧਾਰਾ ਅਧੀਨ ਆਪਣਾ ਇਕ ਸਮੁੱਚ ਪਾਠਕ ਵਰਗ ਨਹੀਂ ਪੈਦਾ ਕਰ ਸਕਦੇ । ਕਿਸੇ ਖ਼ਾਸ ਵਿਚਾਰਧਾਰਾ ਨਾਲ ਪ੍ਰਤੀਬੱਧ ਨਾ ਹੋਣਾ ਵੀ ਉਸ ਸ਼ਾਇਰ ਦੀ ਕਵਿਤਾ ਲਈ ਸੰਚਾਰ ਦੀ ਸਮੱਸਿਆ ਪੈਦਾ ਕਰਦਾ ਹੈ । ਕਿਉਂਕਿ ਪਾਠਕ ਲੇਖਕ ਦਾ ਨਾਂਅ ਪੜ੍ਹਕੇ ਸਪੱਸ਼ਟ ਹੀ ਨਹੀਂ ਹੋ ਸਕਦੇ ਕਿ ਉਸਦੀ ਰਚਨਾ ਕਿਸ ਤਰ੍ਹਾਂ ਦੀ ਹੋਵੇਗੀ ?

ਇਸ ਤੋਂ ਬਿਨ੍ਹਾਂ ਕਵਿਤਾ ਦੀਆਂ ਵੱਖ-ਵੱਖ ਵਿਧਾਵਾਂ ਨਾਲ ਜੁੜੇ ਸ਼ਾਇਰ ਵੀ ਘੱਟ ਨਹੀਂ ਗੁਜ਼ਾਰਦੇ । ਮਸਲਨ ਗਜ਼ਲ ਲਿਖਣ ਵਾਲੇ ਸਮਕਾਲੀ ਕਵੀ ਖੁੱਲ੍ਹੀ ਕਵਿਤਾ ਨੂੰ "ਅਕਵਿਤਾ" ਜਾਂ "ਗਲਪ" ਦਾ ਨਾਂਅ ਦਿੰਦੇ ਹਨ, ਅਤੇ ਖੁੱਲ੍ਹੀ-ਕਵਿਤਾ ਵਾਲੇ "ਗ਼ਜ਼ਲ" ਨੂੰ "ਬੈਂਤ ਬਾਜ਼ੀ" ਜਾਂ ਬਚਗਾਨਾ ਤੁਕ ਬੰਦੀ ਦੀ ਸਟੇਜੀ ਸ਼ਾਇਰੀ ਕਹਿੰਦੇ ਹਨ । ਅਜਿਹੇ ਲੋਕ ਆਪਣੇ-ਆਪਣੇ "ਬਾਬਿਆਂ" ਦੇ ਮੱਠ ਬਣਾ ਕੇ ਕਵਿਤਾ ਦੇ ਖੇਤਰ ਵਿਚ ਧੜੇਬੰਦੀ ਨੂੰ ਉਭਾਰ ਰਹੇ ਹਨ । ਇਹ ਵਰਤਾਰਾ ਕਵੀਆਂ ਦੇ ਨਾਲ ਨਾਲ ਕਵਿਤਾ ਦੇ ਹੱਕ ਵਿਚ ਵੀ ਨਹੀਂ ਭੁਗਤਦਾ । ਜਦ ਇਕ ਪਰਿਵਾਰ ਦੇ ਜਾਇਆਂ ਦੀ ਆਪਸ ਵਿਚ ਨਾ ਬਣਦੀ ਹੋਵੇ ਤਾਂ ਦੂਜੇ ਵੀ ਉਹਨਾਂ ਪ੍ਰਤੀ ਸ਼ੰਕਾ-ਸੰਦੇਹ ਵਾਲਾ ਨਜ਼ਰੀਆ ਰਖਦੇ ਹੋਏ ਉਹਨਾਂ ਤੋਂ ਪ੍ਰਹੇਜ਼ ਕਰਦੇ ਹਨ ਕਿ ਪਹਿਲਾਂ ਤੁਸੀਂ ਆਪਸ ਵਿਚ ਫੈਸਲਾ ਕਰ ਲਵੋ, ਕਵਿਤਾ ਦੇ ਰੂਪ ਬਾਰੇ ਬਾਅਦ ਵਿਚ ਅਸੀਂ ਤੁਹਾਡੇ 'ਚੋਂ ਜਿੱਤਣ ਵਾਲੇ ਨਾਲ ਗੱਲ ਕਰਾਂਗੇ । ਸੋ ਇਸ ਵਾਦ-ਵਿਵਾਦ ਵਿਚ ਕਵਿਤਾ ਪ੍ਰਤੀ ਸਾਂਝੀ ਸਮਝ ਬਨਾਉਣ ਵਾਲਾ ਕੋਈ ਪ੍ਰਤੀਨਿਧ ਵਿਚਾਰਧਾਰਕ ਕਾਫ਼ਲਾ ਨਹੀਂ ਬਣ ਸਕਦਾ ।

ਇਹ ਸਹੀ ਹੈ ਕਿ ਪੰਜਾਬੀ ਕਵਿਤਾ ਹਾਲੇ ਰੂਪਕ-ਪੱਖ ਤੋਂ ਆਪਣਾ ਕੋਈ ਪ੍ਰਤੀਨਿਧ ਮੁਹਾਂਦਰਾ ਸਰਵ-ਪ੍ਰਮਾਨਿਤ ਤੌਰ 'ਤੇ ਨਹੀਂ ਸਿਰਜ ਸਕੀ, ਪਰ ਉਹ ਸਿਰਜਣਾ ਦੇ ਵਿਕਾਸ ਦੇ ਇਸ ਪੜਾਅ ਵਿਚ ਜ਼ਰੂਰ ਹੈ । ਪੁਰਾਣਾ ਰੂਪ ਟੁੱਟ ਰਿਹਾ ਹੈ, ਨਵਾਂ ਹੋਂਦ ਵਿਚ ਆ ਰਿਹਾ ਹੈ । ਸਮੁੱਚੇ ਰੂਪ ਵਿਚ ਕੁੱਝ ਸਮਾਂ ਪਾ ਕੇ ਪੰਜਾਬੀ ਕਵਿਤਾ ਦਾ ਨਵਾਂ ਰੂਪ ਪੁਰਾਣੀ ਲੈਅ-ਬੱਧ ਕਵਿਤਾ ਦੇ ਇਕੋ-ਇਕ ਅਤੇ ਯੋਗ, ਸਾਰਥਿਕ ਬਦਲ ਵਜੋਂ ਉੱਭਰੇਗਾ, ਤਦ ਨਵੀਂ ਪੰਜਾਬੀ ਕਵਿਤਾ ਦੀਆਂ ਪ੍ਰਾਪਤੀਆਂ, ਅਪ੍ਰਾਪਤੀਆਂ, ਗੁਣਾਂ-ਔਗੁਣਾਂ ਅਤੇ ਹੋਰ ਪੱਖਾਂ ਬਾਰੇ ਹੋਰ ਵੀ ਵਧੇਰੇ ਤਰਕ-ਪੂਰਨ ਢੰਗ ਨਾਲ ਵਿਸਥਾਰ ਸਹਿਤ ਗੱਲ ਹੋ ਸਕੇਗੀ । ਸ਼ਾਇਦ ਉਸ



ਸਮੇਂ ਸੰਚਾਰ ਦੀ ਇਸ ਸਮਕਾਲੀ ਸਮੱਸਿਆ ਦਾ ਰੂਪ ਵੀ ਬਦਲ ਚੁੱਕਾ ਹੋਵੇਗਾ । ਹੁਣ ਤਾਂ ਅਜਿਹੇ ਵਿਚਾਰ-ਵਟਾਂਦਰੇ ਕਵਿਤਾ ਪ੍ਰਤੀ ਸਾਡੇ ਫ਼ਰਜ਼ ਮਾਤਰ ਹਨ । ਜੋ ਕਿ ਅਸੀਂ ਕਵਿਤਾ ਦੇ ਨਾਲ-ਨਾਲ ਲੇਖਕਾਂ ਅਤੇ ਪਾਠਕਾਂ ਦੇ ਬੌਧਿਕ ਵਿਕਾਸ ਦੇ ਨਾਲ-ਨਾਲ ਤੁਰਨ ਲਈ ਆਪਣੇ ਪ੍ਰਤੀਕਰਮਾਂ ਵਜੋਂ ਪੂਰੇ ਕਰ ਰਹੇ ਹਾਂ । ਪੰਜਾਬੀ ਕਵਿਤਾ ਦੇ ਨਾਲ ਸਮੁੱਚੇ ਸਾਹਿਤ ਦੇ ਵਿਕਾਸ ਲਈ ਅਤੇ ਆਮ ਲੋਕਾਂ ਨਾਲ ਇਹਨਾਂ ਦਾ ਪੀਡਾ ਰਿਸ਼ਤਾ ਜੋੜਨ ਲਈ ਸਮਕਾਲੀ ਵਿਗਿਆਨਕ ਯੁੱਗ ਵਿਚ ਅਜਿਹੇ ਵਿਚਾਰ-ਵਟਾਂਦਰੇ ਚਲਣੇ ਕੁਦਰਤੀ ਤੌਰ 'ਤੇ ਜ਼ਰੂਰੀ ਵੀ ਹਨ, ਕਿਉਂਕਿ ਜਿਵੇਂ-ਜਿਵੇਂ ਨਵੇਂ-ਨਵੇਂ ਪ੍ਰਸ਼ਨ ਪੈਦਾ ਹੁੰਦੇ ਹਨ, ਤਿਵੇਂ-ਤਿਵੇਂ ਉਹਨਾਂ ਦੇ ਜਵਾਬ ਲੱਭੇ ਜਾਂਦੇ ਹਨ । ਏਹੋ ਵਿਕਾਸ ਦਾ ਨਿਯਮ ਹੈ ।

□

## ਗ਼ਜ਼ਲ

— ਸੁਲੱਖਣ ਸਰਹੱਦੀ

ਜੇ ਮਸਲਾ ਲੌਂਗ ਦਾ ਹੁੰਦਾ ਤਾਂ ਮੈਂ ਉਹ ਲੱਭ ਲਿਆਉਣਾ ਸੀ,
ਤੇਰਾ ਤਾਂ ਲੁੱਟ ਸੁਹਾਗ ਗਿਆ ਉਹ ਕਿਥੋਂ ਵਾਪਸ ਆਉਣਾ ਸੀ ?

ਪਵਿੱਤਰ ਗੰਗਾ ਜਮਨਾ ਤਕ ਦਾ ਐਵੇਂ ਮਾਰਿਆ ਪੈਂਡਾ,
ਅਸੀਂ ਘਰ ਹੀ ਨਹਾ ਲੈਂਦੇ ਜੇ ਖ਼ੂਨ ਆਪਣੇ ਨਹਾਉਣਾ ਸੀ ।

ਜੇ ਪਹਿਲਾਂ ਵਾਂਗ ਸੀ ਬਿਉਪਾਰ ਨਫਰਤ ਦਾ ਤੁਸਾਂ ਕਰਨਾ,
ਤਾਂ ਫਿਰ ਕਿਉਂ ਢਾਹ ਕੇ ਮਸਜਿਦ ਏਸ ਥਾਂ ਮੰਦਰ ਬਣਾਉਣਾ ਸੀ ।

ਕਦੇ ਜੇ ਕਾਤਿਲ ਆਪਣੇ ਤੇ ਅਸੀਂ ਉਂਗਲ ਉਠਾ ਜਾਂਦੇ,
ਇਵੇਂ ਨਾ ਖੁਦਕਸ਼ੀ ਦਾ ਦਸ਼ ਫਿਰ ਸਾਡੇ ਸਿਰ ਆਉਣਾ ਸੀ ।

ਸਮਾਂ ਪੀੜਾਂ ਦਾ ਭਰਿਆ ਦਿਲ ਕਿ ਧਲਕੀਂ ਧਲਮਦੇ ਅੱਥਰੂ,
ਤੁਹਾਨੂੰ ਦਿਲ 'ਚ ਕੀ ਰੱਖਦੇ ? ਕਿਵੇਂ ਪਲਕੀਂ ਬਿਠਾਉਣਾ ਸੀ ?

ਉਹ ਯੋਧੇ ਕਿੰਝ ਘਰਾਂ ਦੇ ਦੀਵਿਆਂ ਨੂੰ ਜਗਣੇ ਛਡ ਜਾਂਦੇ,
ਜਿਨ੍ਹਾਂ ਨੇ ਨ੍ਹੇਰ ਪਉਣਾ ਸੀ ਕਿ ਕੋਈ ਚੰਨ ਚੜ੍ਹਾਉਣਾ ਸੀ ।

ਤਿਕਾਲੀਂ ਹੀ ਬੁਝਾ ਕੇ ਬਹਿ ਗਿਐਂ ਦਿਲ ਯਾਰ ਸਰਹੱਦੀ,
ਤੇਰਾ ਤਾਂ ਅਹਿਦ ਸੀ ਤੂੰ ਰਾਤ ਸਾਰੀ ਜਗਮਗਾਉਣਾ ਸੀ !

□

# "ਕੱਚੀਆਂ ਕੰਧਾਂ" ਪ੍ਰਗਤੀਵਾਦੀ ਗਲਪ ਸਿਰਜ

—ਡਾ: ਅਨੂਪ ਸਿੰਘ

"ਕੱਚੀਆਂ ਕੰਧਾਂ" ਬਲਦੇਵ ਸਿੰਘ ਦਾ ਚੌਥਾ ਨਾਵਲ ਅਤੇ ਅੱਠਵੀਂ ਗਲਪ-ਕ੍ਰਿ ਹੈ। ਇਸ ਵਿਚ ਪ੍ਰਮੁੱਖ ਰੂਪ ਵਿਚ ਕਲਕੱਤਾ ਮਹਾਂਨਗਰ ਵਿਚ ਵੱਸਦੇ ਪੰਜਾਬੀ ਲੋਕਾਂ ਦ ਸਮਾਜਿਕ ਆਰਥਿਕ. ਰਾਜਨੀਤਕ ਅਤੇ ਧਾਰਮਿਕ ਜਨ-ਜੀਵਨ, ਪੰਜਾਬੀਆਂ ਦਾ ਖੁੱਲ੍ਹਾ ਡੁੱਲ੍ਹਾ ਤੇ ਮਿਹਨਤੀ ਸੁਭਾਅ, ਸ਼ਰਾਬ ਦੀ ਦੁਰਵਰਤੋਂ ਤੇ ਆਦੀ ਹੋਣਾ, ਸ਼ਰਾਬ ਪੀ ਕੇ ਖ਼ਰੂਦ ਤੇ ਖਰਮਸਤੀ ਕਰਨਾ, ਵੇਸਵਾਗਮਨੀ ਆਦਿ ਦੇ ਪ੍ਰਕ੍ਰਿਤੀਵਾਦੀ ਗਲਪ-ਬਿੰਬ ਪੇ ਹਨ। ਉਨ੍ਹਾਂ ਦੀ ਆਪਸੀ ਈਰਖਾ, ਬਦਲੇ ਦੀ ਭਾਵਨਾ, ਚੁਗਲੀ, ਚੱਕਣਾ ਅਤੇ ਬਦਖੋਈ ਆਦਿ ਦੇ ਵੇਰਵੇ ਵੀ ਮੁੱਖ ਨਾਵਲੀ ਕਥਾ ਵਿਚ ਸਹਾਇਕ ਤੱਤਾਂ ਵਜੋਂ ਜੁੜੇ ਹੋਏ ਹਨ। ਮਾਂ-ਪੁੱਤ, ਪਿਉ-ਪੁੱਤ, ਭਰਾ-ਭਰਾ ਅਤੇ ਪਤੀ-ਪਤਨੀ ਦੇ ਆਪਸੀ ਸੰਬੰਧਾਂ ਦੇ ਗਲਪ ਬਿੰਬ ਨਾਵਲ ਦੀ ਵਸਤੂ ਦਾ ਅੰਗ ਬਣਦੇ ਹਨ। ਇਨ੍ਹਾਂ ਤੋਂ ਇਕ ਵਾਰ ਫਿਰ ਪੁਸ਼ਟੀ ਹੁੰਦੀ ਹੈ ਕਿ ਸਾਰੇ ਸਮਾਜਕ-ਪਰਿਵਾਰਕ ਰਿਸ਼ਤੇ ਵੀ ਆਪਸੀ ਲੋੜਾਂ 'ਤੇ ਆਧਾਰਿਤ, ਸੰਬੰਧਿਤ ਅਤੇ ਨਿਰਭਰ ਕਰਦੇ ਹਨ।

ਗ਼ਰੀਬ ਘਰਾਂ ਦੀਆਂ ਔਰਤਾਂ ਦੀ ਤਰਸਯੋਗ ਰਹਿਣੀ-ਬਹਿਣੀ, ਔਰਤਾਂ ਨੂੰ ਕੁੱਟਣਾ-ਮਾਰਨਾ ਅਤੇ ਉਨ੍ਹਾਂ ਨੂੰ ਅਸਿੱਧੇ ਰੂਪ ਵਿਚ ਜਗੀਰਦਾਰਾਂ ਅਤੇ ਹੋਰ ਧਨ-ਮਾਲਕਾ ਨਾਲ ਜਿਨਸੀ ਸੰਬੰਧ ਸਥਾਪਿਤ ਕਰਨ ਲਈ ਉਤਸਾਉਣ ਆਦਿ ਦੇ ਗਲਪ ਵੇਰਵੇ ਨਾਵਲੀ ਕਥਾ ਨੂੰ ਅੱਗੇ ਤੋਰਦੇ ਹਨ। ਬੂੜ ਸਿੰਘ ਆਪਣੀ ਪਤਨੀ ਨੂੰ ਕਹਿੰਦਾ ਹੈ : "ਜੇ ਤੇਰੇ 'ਚ ਅਕਲ ਹੁੰਦੀ, ਸਰਦਾਰ ਨੇ ਆਪਣੀ ਪੈਲੀ ਨ੍ਹੀ ਸੀ ਕੱਪਣੀ।" (ਪੰਨਾ 35) ਬੰਦਸ਼ਾਂ ਵਾਲੇ ਸਮਾਜ ਵਿਚ ਨਜਾਇਜ਼ ਲਿੰਗ ਸੰਬੰਧ ਅਤੇ ਹਮ-ਜਿਨਸੀ ਸੰਬੰਧ ਫਲਦੇ-ਫੁੱਲਦੇ ਹਨ ਅਤੇ ਇਨ੍ਹਾਂ ਸੰਬੰਧਾਂ ਨੂੰ ਨਾਵਲੀ ਪਾਤਰਾਂ—ਰਣਜੀਤ ਕੌਰ, ਅਤੇ ਮੇਹਰੂ ਵਰਗਿਆਂ ਦੀ ਅਵਸਥਾ ਵਿਚ ਮਾਂ-ਬਾਪ ਅਤੇ ਕੁਝ ਹੱਦ ਤੱਕ ਭਾਈਚਾਰੇ ਦੀ ਮੂਕ ਪ੍ਰਵਾਨਗੀ ਹਾਸਲ ਹੁੰਦੀ ਹੈ।

ਇਹ ਨਾਵਲ ਉਸ ਕਾਲ-ਅੰਤਰ ਨਾਲ ਸੰਬੰਧਿਤ ਹੈ ਜਦੋਂ ਜਗੀਰਦਾਰੀ ਕਦਰਾਂ-ਕੀਮਤਾਂ ਬੜੀ ਤੇਜ਼ੀ ਨਾਲ ਤਿੜਕ ਰਹੀਆਂ ਹਨ ਅਤੇ ਉਨ੍ਹਾਂ ਦੀ ਥਾਂ ਪੂੰਜੀਵਾਦੀ ਕੀਮਤਾਂ ਲੈ ਰਹੀਆਂ ਹਨ। ਗ਼ਰੀਬ ਕਿਸਾਨੀ ਦਾ ਬੜਾ ਤੇਜ਼ੀ ਨਾਲ ਕੰਗਾਲੀਕਰਨ ਹੋ ਰਿਹਾ ਹੈ ਅਤੇ ਉਹ ਖੇਤ-ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਨਿਮਨ ਮੁਲਾਜ਼ਮ ਵਰਗ ਆਦਿ ਵਿਚ ਪਰਿਵਰਤਿਤ ਹੋ ਰਹੀ ਹੈ। ਗਰੀਬ ਕਿਸਾਨੀ ਕਰਜ਼ੇ ਦੇ ਵਿਊ-ਚੱਕਰ ਵਿਚ ਫਸੀ ਪਈ ਹੈ ਅਤੇ ਉਸ ਦੀ ਬਚੀ-ਖੁਚੀ ਜ਼ਮੀਨ ਪੂੰਜੀਪਤੀ-ਜਾਗੀਰਦਾਰ ਅਤੇ ਧਨੀ ਕਿਸਾਨ ਖਰੀਦ ਰਿਹਾ ਹੈ। ਗਰੀਬ ਕਿਸਾਨੀ ਨੂੰ ਮੂਲ ਮੁੱਢਲੀਆਂ ਲੋੜਾਂ ਲਈ ਅਨੇਕਾਂ ਪਾਪੜ ਵੇਲਣੇ ਪੈ ਰਹੇ ਹਨ। ਨਾਵਲ ਵਿਚ ਪੇਸ਼ ਬੂੜ ਸਿੰਘ ਤੇ ਉਸ ਦੇ ਪਰਿਵਾਰ ਦੀ ਜੀਵਨ ਕਹਾਣੀ



ਇਸ ਵਰਤਾਰੇ ਨੂੰ ਮੂਰਤੀਮਾਨ ਕਰਦੀ ਹੈ। ਬੂੜ ਸਿੰਘ 2—2½ ਏਕੜ ਦਾ ਮਾਲਕ ਜਿਸ ਵਿਚੋਂ ਅੱਧਾ ਏਕੜ ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਬੈਅ ਕਰਨਾ ਦਾ ਹੈ। ਪਰੰਤੂ ਇਸ ਸਭ ਕੁਝ ਦੇ ਬਾਵਜੂਦ ਕਿਸਾਨੀ ਦਾ ਜ਼ਮੀਨ ਨਾਲ ਮੋਹ ਬੜਾ ਗੂੜ੍ਹਾ ਹੈ। ਉਸ ਲਈ ਜ਼ਮੀਨ ਵਿਕ ਜਾਣੀ ਮਾਂ ਵਿਕ ਜਾਣ ਦੇ ਬਰਾਬਰ ਹੈ। ਉਹ ਜ਼ਮੀਨ ਵੇਚ ਕੇ ਕੋਈ ਹੋਰ ਧੰਦਾ ਕਰਨ ਦਾ ਸਾਹਸ ਨਹੀਂ ਕਰਦੀ। ਇਸ ਦਾ ਇਕ ਕਾਰਨ ਕਿਸਾਨੀ ਦਾ ਪਰੰਪਰਾਵਾਦੀ ਹੋਣਾ ਹੈ। ਉਹ ਖਤਰਾ ਮੁੱਲ ਨਹੀਂ ਲੈਂਦੀ। ਗਾਹੇ ਹੋਏ ਰਾਹਾਂ ਤੇ ਤੁਰਦੀ ਹੈ ਅਤੇ ਕਿੱਲੇ ਬੱਧੀ ਸੁਰੱਖਿਅਤ ਮਹਿਸੂਸ ਕਰਦੀ ਹੈ। ਪੀੜ੍ਹੀ-ਅੰਤਰ ਵੀ ਕਿਸਾਨੀ ਦੇ ਉਪਰੋਕਤ ਵਿਵਹਾਰ ਲਈ ਜ਼ਿੰਮੇਵਾਰ ਹੈ। ਨਵੀਂ ਪੀੜ੍ਹੀ ਨਿਸਬਤਨ ਉਤਸ਼ਾਹੀ, ਉੱਦਮੀ ਅਤੇ ਖਤਰਾ ਮੁੱਲ ਲੈਣ ਵਾਲੀ ਅਤੇ ਚੇਤਨ ਹੁੰਦੀ ਹੈ। ਇਸ ਤਰ੍ਹਾਂ ਬੂੜ ਸਿੰਘ ਤੇ ਉਸ ਦੇ ਪੁੱਤਰਾਂ ਦੀ ਕਹਾਣੀ ਕਿਸਾਨੀ ਦੇ ਹੋ ਰਹੇ ਕੰਗਾਲੀਕਰਨ ਦੀ ਪ੍ਰਤੀਨਿਧ ਕਹਾਣੀ ਹੈ। ਪ੍ਰਤੀਨਿਧ ਘਟਨਾਵਾਂ ਤੇ ਵਰਤਾਰਿਆਂ ਨੂੰ ਪ੍ਰਤੀਨਿਧ ਪਾਤਰਾਂ ਰਾਹੀਂ ਪੇਸ਼ ਕਰਨਾ ਹੀ ਯਥਾਰਥਵਾਦੀ ਸਾਹਿਤ ਦੀ ਵਿਗਿਆਨਕ ਪਰਖ ਕਸਵੱਟੀ ਹੈ। "ਕੱਚੀਆਂ ਕੰਧਾਂ" ਨਾਵਲ ਇਸ ਕਸਵੱਟੀ ਤੇ ਖਰਾ ਉੱਤਰਦਾ ਹੈ।

ਪੂੰਜੀਵਾਦੀ ਪ੍ਰਬੰਧ ਦੇ ਪ੍ਰਮੁੱਖ ਲੱਛਣ ਵੀ ਨਾਵਲੀ-ਬਿੰਬ-ਬਿਰਤਾਂਤ ਵਿਚ ਆਪਣਾ ਸਥਾਨ ਗ੍ਰਹਿਣ ਕਰਦੇ ਹਨ। ਮਿਹਨਤ ਦਾ ਪੂਰਾ ਮੁੱਲ ਨਾ ਪੈਣਾ, ਵਡੀ ਮੱਛੀ ਦਾ ਛੋਟੀ ਮੱਛੀ ਨੂੰ ਨਿਗਲ ਜਾਣਾ, ਪੁਲਿਸ ਅਤੇ ਸਿਵਲ ਪ੍ਰਸ਼ਾਸ਼ਨ ਦਾ ਭ੍ਰਿਸ਼ਟ ਅਤੇ ਰਿਸ਼ਵਤ ਖੋਰ ਹੋ ਜਾਣਾ, ਭ੍ਰਿਸ਼ਟਾਚਾਰ ਦਾ ਹਰ ਜਿਸਮ ਦਾ ਰੋਗ ਬਣ ਜਾਣਾ, ਅਦਾਲਤਾਂ ਵਿਚ ਗਰੀਬ ਲੋਕਾਂ ਦੀ ਖੱਜਲ-ਖੁਆਰੀ. ਰਾਤੋ-ਰਾਤ ਅਮੀਰ ਬਣਨ ਦੀ ਦੌੜ (ਮੇਹਰ ਤੇ ਚਰਨ ਦੀ ਦਸਤੀ ਤੇ ਇਸ ਦਾ ਤਿੜਕ ਜਾਣਾ ਇਸ ਵਰਤਾਰੇ ਦੇ ਗਲਪ ਬਿੰਬ ਹਨ) ਸਰਕਾਰੀ ਹਸਪਤਾਲਾਂ ਵਿਚ ਗਰੀਬ, ਬੇਸਹਾਰਾ ਮਰੀਜ਼ਾਂ ਦੀ ਦੁਰਦਸ਼ਾ ਆਦਿ ਸੰਬੰਧੀ ਗਲਪ-ਚਿੱਤਰ ਪੂੰਜੀਵਾਦੀ ਵਿਵਸਥਾ ਦੇ ਆਮ ਲੱਛਣ ਹਨ। ਵਿਖਾਵਾ ਪੂੰਜੀਵਾਦੀ ਵਿਵਸਥਾ ਦਾ ਇਕ ਹੋਰ ਉੱਘੜਵਾਂ ਵਰਤਾਰਾ ਹੈ। ਮੇਹਰੂ ਦਾ ਟੈਂਕਰ ਫੜੇ ਜਾਣ ਤੇ ਪੈਸਿਆਂ ਦੀ ਕਲਕੱਤੇ ਵਿਖੇ ਲੋੜ ਹੋਣ ਦੇ ਬਾਵਜੂਦ ਉਸ ਦੀ ਮਾਂ ਕਰਤਾਰੀ ਗਹਿਣੇ ਪਈ ਜ਼ਮੀਨ ਛੁਡਾਉਣੀ ਜ਼ਰੂਰੀ ਸਮਝਦੀ ਹੈ। "ਪਿੰਡ ਵਿਚ ਮੂੰਹ ਵਖੌਣ ਜੋਗੇ ਵੀ ਤਾਂ ਹੋਵਾਂਗੇ, ਉਥੇ ਤਾਂ ਜਿਹੜੀ ਪਈ ਐ ਭੁਗਤਾਂਗੇ।" (ਪੰਨਾ 128)

ਪੂੰਜੀਵਾਦੀ ਯੁੱਗ ਵਿਚ ਪੈਸੇ ਨੂੰ ਪ੍ਰਮੁੱਖਤਾ ਹਾਸਲ ਹੁੰਦੀ ਹੈ। ਇਹ ਪੱਖ ਨਾਵਲ ਦੀ ਕਥਾ-ਵਸਤੂ ਵਿਚੋਂ ਵਾਰ ਵਾਰ ਉੱਭਰਦਾ ਹੈ। ਪਹਿਲੇ ਕਾਂਡ ਵਿਚ ਹੀ ਮੇਹਰੂ ਦੇ ਸ਼ਰਾਬੀ ਹਾਲਤ ਵਿਚ ਘਰ ਪਰਤਣ 'ਤੇ ਬੂੜ ਸਿੰਘ ਤੇ ਕਰਤਾਰੀ ਵੱਢੂ-ਖਊਂ ਕਰਦੇ ਹਨ ਪਰੰਤੂ ਮੇਹਰੂ ਦੀ ਜੇਬ ਵਿਚੋਂ ਪੈਸੇ ਮਿਲਣ ਤੇ ਉਹ ਉਸਦੀ ਹਰ ਸੰਭਵ ਖਾਤਰ-ਦਾਰੀ ਕਰਦੇ ਹਨ। ਦੂਜਾਂ ਗਲਪ ਬਿੰਬ ਰਣਜੀਤ ਕੌਰ ਤੇ ਮੇਹਰੂ ਦੇ ਜਿਨਸੀ ਸੰਬੰਧਾਂ ਦੇ ਰੂਪ ਵਿਚ ਉੱਘੜਦਾ ਹੈ। ਰਣਜੀਤ ਕੌਰ ਸ਼ੁਰੂ ਸ਼ੁਰੂ ਵਿਚ ਮੇਹਰੂ ਨਾਲ ਜਿਨਸੀ ਸੰਬੰਧ ਸਥਾਪਿਤ ਕਰਨ ਤੋਂ ਇਨਕਾਰ ਕਰਦੀ ਹੈ। ਇਸ ਇਨਕਾਰ ਪਿੱਛੇ ਸੰਸਕਾਰਾਂ ਦਾ ਪ੍ਰਬਲ

ਪ੍ਰਭਾਵ, ਕਰਮਜੀਤ ਦੇ ਮੁੜ ਆਉਣ ਦੀ ਆਸ ਅਤੇ ਮੇਹਰੂ ਦਾ ਨਿਖੱਟੂ ਹੋਣਾ ਆਦਿ ਕਾਰਨ ਸਨ। ਪਰੰਤੂ ਜਦ ਮੇਹਰੂ ਚਰਨ ਨਾਲ ਸਾਂਝਾ ਟੈਂਕਰ ਖਰੀਦ ਲੈਂਦਾ ਹੈ ਤਦ ਹੇਰਾ-ਫੇਰੀ ਨਾਲ ਆਏ ਪੈਸਿਆਂ ਨਾਲ ਉਹ ਮੇਹਰੂ ਤੋਂ ਮਿਹਰ ਬਣ ਜਾਂਦਾ ਹੈ ਅਤੇ ਰਣਜੀਤ ਕੌਰ "ਬੇਬਸ ਹੋ ਗਈ ਤੇ ਜ਼ਿੰਦਗੀ ਦੀਆਂ ਔੜਾਂ ਦੇ ਮਾਰੂ ਹੜ੍ਹ ਸਾਹਮਣੇ ਉਹ ਖੜੀ ਨਾ ਰਹਿ ਸਕੀ। ਉਸ ਨੂੰ ਕਿਸੇ ਕੰਧ-ਕੌਲੇ ਦਾ ਆਸਰਾ ਲੈਣਾ ਹੀ ਪੈਣਾ ਸੀ ਤੇ ਮੇਹਰ ਉਸ਼ ਨੂੰ ਥੰਮ੍ਹ ਬਣ ਕੇ ਮਿਲਿਆ।" (ਪੰਨਾਂ 88) ਇਨ੍ਹਾਂ ਦੇ ਇਸ ਨਵੇਂ ਬਣੇ ਰਿਸ਼ਤੇ ਨੂੰ ਮਾਂ ਸੱਸ ਦੀ ਮੂਕ ਪ੍ਰਵਾਨਗੀ ਪ੍ਰਾਪਤ ਸੀ।

ਨਕਸਲਵਾਂਦੀ ਦਹਿਸ਼ਤਗਰਦਾਂ ਬਾਰੇ ਗਲਧ ਵੇਰਵੇ ਨਾਵਲ ਦਾ ਰਾਂਜਨੀਤਕ ਅੰਸ਼ ਬਣਦੇ ਹਨ। ਨਾਵਲ ਵਿਚ ਪੇਸ਼ ਵਸਤੂ ਰਾਹੀਂ ਕੁਝ ਤੱਥਾਂ ਦੀ ਪੁਨਰ-ਪੁਸ਼ਟੀ ਹੋਈ ਹੈ। ਇਹ ਤੱਥ ਇਸ ਤਰ੍ਹਾਂ ਹਨ : ਨਕਸਲੀ ਦਹਿਸ਼ਤਗਰਦ ਸਨ, ਉਹ ਕਦੀ ਵੀ ਇਕਮੁੱਠ ਨਹੀਂ ਰਹਿ ਸਕਦੇ, ਉਨ੍ਹਾਂ ਦੀ ਫੁੱਟ-ਦਰ-ਫੁੱਟ, ਉਹ ਚੀਨ ਦੀ ਕਮਿਊਨਿਸਟ ਪਾਰਟੀ ਜਾਂ ਉਹ ਦੇ ਵਿਭਿੰਨ ਆਗੂਆਂ ਨੂੰ ਆਪਣਾ ਆਗੂ ਮੰਨਦੇ ਸਨ, ਉਨ੍ਹਾਂ ਦੀ ਰਾਜਸੀ ਸਮਝ ਧੁੰਦਲੀ ਤੇ ਅਸਪੱਸ਼ਟ ਸੀ, ਅੰਤ ਉਹ ਥੱਕ-ਟੁੱਟ ਤੇ ਨਿਰਾਸ਼ ਹੋ ਜਾਂਦੇ ਹਨ, ਉਨ੍ਹਾਂ ਵਿਚੋਂ ਕੁਝ ਦਾ ਵਿਅਕਤੀਗਤ ਕਤਲਾਂ ਦੀ ਲਾਈਨ ਤੋਂ ਮਨ ਉਚਾਟ ਹੋ ਜਾਂਦਾ ਹੈ, 1977 ਵਿਚ ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਉਨ੍ਹਾਂ ਨੂੰ ਆਮ ਮੁਆਫ਼ੀ ਦੇ ਦਿੰਦੀ ਹੈ, ਉਨ੍ਹਾਂ ਦੇ ਕੁਝ ਧੜੇ ਪੰਜਾਬ ਦੀ ਵਰਤਮਾਨ ਦਹਿਸ਼ਤਗਰਦ ਲਹਿਰ ਵਿਚ ਸ਼ਾਮਲ ਹੋ ਜਾਂਦੇ ਹਨ। ਮੱਧ-ਵਰਗੀ ਮੁੰਡੇ ਨਾ ਚਾਹੁੰਦੇ ਹੋਏ ਵੀ ਇਸ ਲਹਿਰ ਵਿਚ ਸ਼ਾਮਲ ਹੋਏ ਸਨ। ਇਸੇ ਪ੍ਰਸੰਗ ਵਿਚ ਮੱਧ-ਸ਼ਰੇਣਿਕ ਕ੍ਰਾਂਤੀਕਾਰੀਆਂ-ਜਿਹੜੇ ਵਿਹਲੀਆਂ ਸ਼ਾਮਾਂ ਇਨਕਲਾਬ ਦੇ ਨਾਂ ਦੇ ਸਿਧਾਂਤ ਦੇ ਧਾਰਨੀ ਹਨ—ਦੇ ਗ਼ਲਪ ਵੇਰਵੇ ਵੀ ਨਾਵਲ ਵਿਚ ਉਪਲਭਧ ਹਨ। ਜਿਵੇਂ ਨਕਸਲੀ ਪੰਜਾਬ ਵਿਚ ਸਿੱਖ ਕਿਸਾਨੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਲਈ ਗੁਰੂ ਗੋਬਿੰਦ ਅਤੇ ਬਾਬਾ ਦੀਪ ਸਿੰਘ ਆਦਿ ਸਿੱਖ ਸ਼ਹੀਦਾਂ ਦੇ ਨਾਵਾਂ ਦੀ ਵਰਤੋਂ ਕਰਦੇ ਸਨ ਇਸ਼ੇ ਤਰ੍ਹਾਂ ਬੰਗਾਲ ਦੇ ਨਕਸਲੀ ਕਾਲੀ ਦੇਵੀ ਨੂੰ ਧਿਆਉਂਦੇ ਪ੍ਰਤੀਤ ਹੁੰਦੇ ਸਨ।

ਧਰਮ ਹੁਣ ਕੇਵਲ ਦਿਖਾਵਾ ਮਾਤਰ ਰਹਿ ਗਿਆ ਹੈ। ਸਿੱਖਾਂ ਦੇ ਆਪਣੇ ਧਰਮ ਤੋਂ ਬੇਮੁੱਖ ਹੋਣ, ਗੁਰਦੁਆਰਿਆਂ ਦੀ ਮਾਇਆ ਭਾਈਆਂ, ਗਰੰਥੀਆਂ, ਕਥਾ-ਵਾਚਕਾਂ ਅਤੇ ਪ੍ਰਬੰਧਕਾਂ ਵਲੋਂ ਮਿਲਕੇ ਹੜੱਪਣਾ ਅਤੇ ਕਥਿਤ ਧਾਰਮਿਕ ਆਗੂਆਂ, ਪੁਜਾਰੀਆਂ ਦੀਆਂ ਆਚਰਣਕ ਬੁਰਾਈਆਂ ਦੇ ਗਲਧ ਬਿੰਬ, ਧਾਰਮਿਕ ਕਰਮ-ਕਾਂਡਾ, ਪਾਖੰਡਾਂ ਆਦਿ ਦੇ ਗਲਧ ਵੇਰਵੇ ਕਰਮਜੀਤ ਦੇ ਆਰੰਭਲੇ ਦਿਨਾਂ, ਪਿੱਪਲ ਸਿੰਘ ਦੇ ਜੀਵਨ ਸਮਾਚਾਰਾਂ ਆਦਿ ਤੋਂ ਸਪੱਸ਼ਟ ਹੁੰਦੇ ਹਨ। ਨਾਵਲ ਵਿਚ ਇਨ੍ਹਾਂ ਨੂੰ ਵਿਅੰਗ ਦ੍ਰਿਸ਼ਟੀ ਤੋਂ ਲਿਆ ਗਿਆ ਹੈ। ਜਾਤ-ਪਾਤੀ ਭਿੰਨਤਾਵਾਂ 'ਤੇ ਨਾਵਲੀ ਪਾਤਰ ਲੱਛੂ ਰਾਹੀਂ ਤੀਖਣ ਵਿਅੰਗ ਕੀਤੇ ਗਏ ਮਿਲਦੇ ਹਨ। ਅੰਧ-ਵਿਸ਼ਵਾਸ ਅਤੇ ਧਾਰਮਿਕ ਪੂਜਾ-ਪਾਠ ਦੀ ਨਿਰਾਰਥਕਤਾ ਤੇ ਸੂਖ਼ਮ ਵਿਅੰਗ ਨਾਵਲੀ ਕਥਾ-ਵਸਤੂ ਦੇ ਧਰਮ ਨਿਰਪੱਖ, ਮਾਨਵਵਾਦੀ ਅਤੇ ਅਗਾਂਹ-



ਵਧੂ ਦਿੱਖ ਦੇ ਪ੍ਰਮਾਣ ਬਣਦੇ ਹਨ। ਇਸ ਦ੍ਰਿਸ਼ਟੀ ਤੋਂ ਇਹ ਰਚਨਾ ਪੰਜਾਬੀ ਸਾਹਿਤ ਦੀ ਭਾਰੂ ਸੁਰ ਦੇ ਅਨੁਰੂਪ ਹੈ।

ਨਾਵਲ ਦੇ ਰਚਨਾ-ਸਾਰ ਵਿਚ ਕੁਝ ਕਥਨ ਤਰਕ-ਸੰਗਤ ਪ੍ਰਤੀਤ ਨਹੀਂ ਹੁੰਦੇ। ਨਾਵਲਕਾਰ ਦਾ ਪਿਛੋਕੜ ਅਤੇ ਭਾਵੁਕ ਲਗਾਉ ਇਸ ਲਈ ਜ਼ਿੰਮੇਵਾਰ ਹੋ ਸਕਦਾ ਹੈ। ਉਦਾਹਰਣ ਹਿੱਤ ਨਾਵਲ ਦੇ ਪਾਤਰ ਪਾਸ਼ਾਣ ਵਲੋਂ ਗੁਰੂ ਗੋਬਿੰਦ ਸਿੰਘ ਦੀ ਉਦਾਹਰਣ ਏਨੀ ਢੁੱਕਵੀਂ ਪ੍ਰਤੀਤ ਨਹੀਂ ਹੁੰਦੀ। (ਪੰਨਾ 120-21) ਬੰਗਾਲੀ ਵਿਦਵਾਨ ਆਪਣੇ ਸਥਾਨਕ ਵਿਰਸੇ ਵਿਚੋਂ ਅਜਿਹੀਆਂ ਕਈ ਉਦਾਹਰਣਾਂ ਦੇ ਸਕਦੇ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇੱਥੇ ਲੇਖਕ ਆਪ ਬੋਲ ਰਿਹਾ ਹੈ। ਏਸੇ ਤਰ੍ਹਾਂ ਸਿੱਖਾਂ ਬਾਰੇ ਚਾਰੂ ਮਾਜੂਮਦਾਰ ਦੀ ਟਿੱਪਣੀ (ਪੰਨਾ 82) ਵੀ ਲੇਖਕ ਦਾ ਪ੍ਰਤੀਕਰਮ ਹੈ। ਦੱਸੇ ਗਏ ਨਾਵਲੀ ਸਮੇਂ ਤੱਕ ਪੰਜਾਬ ਵਿਚ ਕੋਈ ਵੱਡੀ ਹਿੰਸਕ ਘਟਨਾ ਨਹੀਂ ਸੀ ਹੋਈ ਜਿਸ ਦਾ ਪ੍ਰਤੀਕਰਮ ਬਾਹਰ ਹੋਇਆ ਹੋਵੇ। ਪੰਨਾ 121-22 ਤੇ ਦਰਜ ਕਰਮਜੀਤ ਦੁਆਰਾ ਸੁਣਾਈ ਕਹਾਣੀ ਵੀ ਢੁੱਕਵੀਂ ਨਹੀਂ ਹੈ। ਇਹ ਕੇਵਲ ਉਸ ਦੁਆਰਾ ਚੱਲ ਰਹੀ ਚਰਚਾ ਇਹ ਕੋਹਲੂ ਵਾਲੀ ਗੱਲ ਹੀ ਜਾਪਦੀ ਹੈ। ਨਾਵਲਕਾਰ ਇਕ ਲੋਕ ਕਹਾਣੀ ਨੂੰ ਪੇਸ਼ ਕਰਨ ਦੇ ਮੂੰਹ ਵਿਚ ਫਸ ਗਿਆ ਪ੍ਰਤੀਤ ਹੁੰਦਾ ਹੈ। ਆਰੰਭ ਵਿਚ ਸਾਨੂੰ ਦੱਸਿਆ ਜਾਂਦਾ ਹੈ ਕਿ "ਨਾਵਲ ਦਾ ਕਥਾ-ਸਾਰ ਵਧੇਰੇ 1970 ਤੋਂ ਲੈ ਕੇ 1982 ਦੇ ਅੱਧ ਤੱਕ ਹੀ ਕੇਂਦਰਿਤ ਹੈ।" ਪਰੰਤੂ ਉਨੱਤੀਵੇਂ ਕਾਂਡ ਦੇ ਪਹਿਲੇ ਪੈਰੇ ਵਿਚ ਸਾਨੂੰ ਦਸਿਆ ਗਿਆ ਹੈ "ਗੁਰਪੁਰਬ ਜਾਂ ਜਲੂਸ ਵੇਲੇ ਤਾਂ ਕੇਸਰੀ ਧੱਗਾਂ ਤੇ ਚੁੰਨੀਆਂ ਦਾ ਹੜ੍ਹ ਆ ਜਾਂਦਾ ਹੈ। ਇਕ ਤਰ੍ਹਾਂ ਨਾਲ ਫੈਸ਼ਨ ਹੋ ਗਿਆ ਹੈ ਕੇਸਰੀ ਰੰਗ।" (ਪੰਨਾ 158) ਅਸਲ ਵਿਚ ਇਹ ਵਰਤਾਰਾ ਨੀਲਾ ਤਾਰਾ ਕਾਰਵਾਈ ਤੋਂ ਬਾਅਦ ਦਾ ਹੈ।

ਸਰਲਤਾ, ਸੰਜਮ ਤੇ ਸੰਖੇਪਤਾ ਨਾਵਲਕਾਰ ਦੀ ਸ਼ੈਲੀ ਦੇ ਪ੍ਰਮੁੱਖ ਗੁਣ ਹਨ। ਬਹੁਤੇ ਪੰਜਾਬੀ ਨਾਵਲਕਾਰਾਂ ਦੇ ਭਾਸ਼ਨ ਕਰਨ ਦੇ ਮੋਹ ਤੋਂ ਉਹ ਬਚਿਆ ਰਹਿੰਦਾ ਹੈ। ਉਹ ਬੇਲੋੜੀ ਸਿਧਾਂਤਕ ਵਿਚਾਰ ਚਰਚਾ ਵਿਚ ਨਹੀਂ ਪੈਂਦਾ। ਚੁਸਤ ਵਾਰਤਾਲਾਪ ਅਤੇ ਮੁਹਾਵਰਿਆਂ ਤੇ ਲੋਕ-ਉਕਤੀਆਂ ਦੀ ਵਰਤੋਂ ਜਿਥੇ ਰਚਨਾ ਨੂੰ ਯਥਾਰਥਕ ਰੰਗਣ ਪ੍ਰਦਾਨ ਕਰਦੀ ਹੈ ਉਥੇ ਕਹਾਣੀ ਰਸ ਨੂੰ ਵਧਾਉਂਦੀ ਹੋਈ ਪਾਠਕਾਂ ਦੀ ਉਤਸਕਤਾ ਨੂੰ ਬਣਾਈ ਰੱਖਦੀ ਹੈ। ਵਾਰਤਾਲਾਪ ਲਈ ਵਰਤੀ ਬੋਲੀ ਪਾਤਰਾਂ ਦੀ ਮਾਨਸਿਕ ਬਣਤਰ ਤੇ ਬੌਧਿਕ ਸਤਰ ਦੇ ਅਨੁਕੂਲ ਹੈ। ਪਰੰਤੂ ਬੰਗਾਲੀ ਪਾਤਰਾਂ ਦਾ ਸ਼ੁੱਧ ਤੇ ਸਪੱਸ਼ਟ ਪੰਜਾਬੀ ਜਾਂ ਹਿੰਦੀ ਬੋਲਣਾ ਦਰੁਸਤ ਪ੍ਰਤੀਤ ਨਹੀਂ ਹੁੰਦਾ। ਇਸੇ ਤਰ੍ਹਾਂ ਪੰਜਾਬੀ ਪਾਤਰ ਜਿਹੜੇ ਵਰ੍ਹਿਆਂ ਤੋਂ ਕਲਕੱਤੇ ਵਿਖੇ ਰਹਿ ਰਹੇ ਹਨ, ਉੱਪਰ ਬੰਗਲਾ ਦਾ ਕੋਈ ਅਸਰ ਪ੍ਰਤੀਤ ਨਹੀਂ ਹੁੰਦਾ। ਅਜਿਹੀ ਪੇਸ਼ਕਾਰੀ ਨਾਲ ਯਥਾਰਥਕ ਰੰਗਣ ਬੜ੍ਹੀ ਪੇਤਲੀ ਪੈਂਦੀ ਹੈ। ਨਾਵਲਕਾਰ ਕੁਝ ਥਾਂਈ ਬੰਗਲਾ ਸ਼ਬਦਾਂ ਦਾ ਪ੍ਰਯੋਗ ਕਰਵਾਉਂਦਾ ਹੈ। ਸ਼ਾਇਦ ਪੰਜਾਬੀ ਪਾਠਕਾਂ ਦੇ ਸਨਮੁੱਖ ਨਿਰੋਲ ਬੰਗਲਾ ਭਾਸ਼ਾ ਵਿਚ ਵਾਰਤਾਲਾਪ ਠੀਕ ਵੀ ਨਹੀਂ ਸੀ ਰਹਿਣਾ ਅਤੇ ਨਾਲ ਨਾਲ ਅਨੁਵਾਦ ਦੇਣ ਨਾਲ ਰਚਨਾ ਦੇ ਆਕਾਰ ਵਿਚ ਵਾਧਾ ਹੋਣ

ਦੀ ਸਮੱਸਿਆ ਬਣੀ ਰਹਿਣੀ ਸੀ। ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਭਾਸ਼ਾਈ ਨੇਮਾਂ ਦੇ ਅਨੁਕੂਲ ਹੈ। ਕੁਝ ਮਲਵਈ ਸ਼ਬਦਾਂ ਦੀ ਵਰਤੋਂ ਪਾਤਰਾਂ ਦੇ ਮਲਵਈ ਪਿਛੋਕੜ ਦਾ ਸੰਕੇਤ ਦਿੰਦੀ ਹੈ।

ਨਾਵਲਕਾਰ ਇਕ-ਅੱਧ ਪੈਰੇ ਵਿਚ ਹੀ ਪਾਤਰਾਂ ਦਾ ਚਿਹਰਾ ਮੁਹਰਾ ਉਘਾੜ ਦਿੰਦਾ ਹੈ। ਉਹ ਉਨ੍ਹਾਂ ਦੇ ਪਿਛੋਕੜ, ਕੱਦ-ਕਾਠ, ਰਹਿਣੀ-ਬਹਿਣੀ ਅਤੇ ਚੱਜ-ਆਚਾਰ ਬਾਰੇ ਅਜਿਹੀਆਂ ਟਿੱਪਣੀਆਂ ਕਰਦਾ ਹੈ ਕਿ ਉਨ੍ਹਾਂ ਦੀ ਸ਼ਕਲ-ਸੂਰਤ ਸਾਡੇ ਸਾਹਮਣੇ ਪ੍ਰਤੱਖ ਹੋ ਜਾਂਦੀ ਹੈ ਅਤੇ ਅਸੀਂ ਉਨ੍ਹਾਂ ਦੀ ਸ਼ਕਲ-ਸੂਰਤ ਨੂੰ ਆਪਣੇ ਕਿਸੇ ਜਾਣੂ-ਪਹਿਚਾਣੂ ਵਿਚੋਂ ਭਾਲਦੇ ਹਾਂ। ਉਦਾਹਰਣ ਸਿੱਤ "ਰੂੜ ਸਿੰਘ ਦੇ ਘਰਾੜੇ ਅਤੇ ਪੱਖੇ ਦੇ ਸੁੱਕੇ ਬੈਰਿੰਗ ਦੀ ਖਰਰ-ਖਰਰ ਹੀ ਕਮਰੇ ਦੀ ਬੰਦ ਹਵਾ ਵਿਚ ਸੁਣਦੇ ਰਹੇ। ਧਿਆਨ ਨਾਲ ਸੁਣਨ ਤੇ ਇਉਂ ਪਤਾ ਲੱਗਦਾ ਸੀ ਕਿ ਪੱਖਾ ਵੀ ਅਤੇ ਰੂੜ ਸਿੰਘ ਵੀ ਦੋਨੋਂ ਵਾਖਰੂ...ਵਾਖਰੂ ਆਖੀ ਜਾ ਰਹੇ ਹਨ।" ਪੰਨਾ 19) ਹੋਰ "ਫਿਰ ਮੰਜੇ ਤੇ ਪਿਆ, ਚਲਦੇ ਪੱਖੇ ਨੂੰ ਵੇਖਦਾ ਸੋਚਣ ਲੱਗਾ। ...ਕਿਥੋਂ ਦੇਊਗਾ ਮੇਹਰ ਸਿਹੁ ਪੱਚੀ ਹਜ਼ਾਰ ਵਈ ? ...ਬਹੁਤ ਵੱਡੀ ਰਕਮ ਐ ਪੱਚੀ ਹਜ਼ਾਰ...। ਫਿਰ ਤਾਂ ਜਿਵੇਂ ਪੱਖੇ ਦੇ ਬੈਰਿੰਗ ਵੀ ਕਰਮ ਲੱਗ ਪਏ...ਪੱਚੀ ਹਜ਼ਾਰ...ਪੱਚੀ ਹਜ਼ਾਰ...ਪੱਚੀ ਹਜ਼ਾਰ...?" ਪੰਨਾ 99 ਨਾਵਲਕਾਰ ਪਾਤਰਾਂ ਦੇ ਕਰਮਾਂ-ਪ੍ਰਤੀਕਰਮਾਂ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਇਕ ਅੱਧ ਵਾਕ ਵਿਚ ਬਿਆਨ ਕਰ ਜਾਂਦਾ ਹੈ। ਇਸ ਤਰ੍ਹਾਂ ਪਾਤਰਾਂ ਦਾ ਮਨਵਿਗਿਆਨਕ ਵਿਸ਼ਲੇਸ਼ਣ ਕਰ ਜਾਂਦਾ ਹੈ। ਨਾਵਲ ਵਿਚ ਪੇਸ਼ ਪਾਤਰ ਆਪਣੀਆਂ ਵਕਤੀ ਹਾਰਾਂ ਕਾਰਨ ਉਦਾਸ ਤਾਂ ਹਨ ਪਰ ਨਿਰਾਸ਼ ਨਹੀਂ। ਜਿਵੇਂ ਕਰਮਜੀਤ ਕਿਤੇ ਵੀ ਸਫਲ ਨਾ ਹੋਣ ਕਾਰਨ ਉਦਾਸ ਤਾਂ ਹੈ ਪਰੰਤੂ ਨਿਰਾਸ਼ ਨਹੀਂ ਹੈ। ਉਹ ਪੜ੍ਹਾਈ, ਪੂਜਾ-ਪਾਠ, ਰਾਧਾ ਸੁਆਮੀ ਗੁਰੂ ਤੋਂ ਨਾਮ ਪ੍ਰਾਪਤ ਕਰਨ. ਟਰੈਕਟਰ ਵਰਕਸ਼ਾਪ ਵਿਚੋਂ ਚੰਗਾ ਮਿਸਤਰੀ ਹੋਣ ਦੇ ਬਾਵਜੂਦ ਕੱਢ ਜਾਣ ਅਤੇ ਆਪਣਾ ਕੰਮ ਆਰੰਭ ਨਾ ਕਰਨ ਅਤੇ ਸਭ ਤੋਂ ਵੱਧ ਰਾਜਨੀਤੀ ਵਿਚ ਅਸਫਲ ਰਹਿੰਦਾ ਹੈ। ਪਰੰਤੂ ਇਸ ਸਭ ਕੁਝ ਦੇ ਬਾਵਜੂਦ ਉਹ ਆਸ ਦਾ ਪੱਲਾ ਹੱਥੋਂ ਨਹੀਂ ਛੱਡਦਾ। ਉਹ ਕਹਿੰਦਾ ਹੈ, "ਜਦੋਂ ਤੀਕਰ ਮੇਰੇ ਇਹ ਹੱਥ ਸਲਾਮਤ ਨੇ, ਉਦੋਂ ਤੀਕਰ ਮੇਰੀ ਜੰਗ ਜਾਰੀ ਰਹੇਗੀ।" (ਪੰਨਾ 159) ਕਰਮਜੀਤ, ਪ੍ਰੋ: ਅਸੀਮ ਚੈਟਰਜੀ, ਮੇਹਰ, ਬੂੜ ਸਿੰਘ, ਕਰਤਾਰੀ, ਰਣਜੀਤ ਕੌਰ ਆਦਿ ਸਾਰੇ ਮੁੱਖ ਪਾਤਰ ਸੰਘਰਸ਼ਸ਼ੀਲ ਹਨ। ਜਿਥੇ ਪਹਿਲੇ ਦੋਵੇਂ ਸਮਾਜਿਕ ਤਬਦੀਲੀ ਲਈ ਕਰਮਸ਼ੀਲ ਹਨ ਉਥੇ ਮਗਰਲੇ ਚਾਰ ਪਰਿਵਾਰਕ ਜਾਂ ਨਿੱਜੀ ਸੁੱਖਾਂ ਲਈ ਭੱਜ-ਦੌੜ ਕਰਦੇ ਹਨ। ਇਹ ਸਾਰੇ ਡਿੱਗਦੇ, ਢਹਿੰਦੇ ਹਨ, ਉੱਠਦੇ ਹਨ, ਫਿਰ ਡਿੱਗਦੇ ਹਨ ਅਤੇ ਫਿਰ ਉੱਠਦੇ ਹਨ ਪਰੰਤੂ ਹਾਰ ਨਹੀਂ ਮੰਨਦੇ। ਪਾਤਰਾਂ ਦਾ ਇਹ ਵਿਵਹਾਰ ਪੰਜਾਬੀ ਸਾਹਿਤ ਦੀ ਦੂਜੀ ਭਾਰੂ ਸੁਰ ਦੇ ਅਨੁਰੂਪ ਹੈ। ਇਹ ਸੁਰ ਨਿਰਾਸ਼ਤਾ ਦਾ ਖੰਡਨ ਕਰਦੀ ਹੈ ਅਤੇ ਜ਼ੁਲਮ-ਜਬਰ ਦੇ ਵਿਰੁੱਧ ਅਤੇ ਹੱਕਾਂ-ਹਿੱਤਾਂ ਲਈ ਜੂਝਣ ਦਾ ਸੁਨੇਹਾ ਦਿੰਦੀ ਹੈ। ਇਸ ਤਰ੍ਹਾਂ ਕਲਿਆਣਕਾਰੀ ਹੈ। ਕੁਝ ਅਜਿਹੀ ਸੁਰ ਹੀ ਇਸ ਨਾਵਲ ਵਿਚ ਧੁਨੀ ਰੂਪ ਸਮੋਈ ਹੋਈ ਹੈ।



ਬੂੜ ਸਿੰਘ ਤੇ ਉਸ ਦੇ ਪਰਿਵਾਰ ਦੇ ਚਾਰ ਮੈਂਬਰਾਂ ਸਮੇਤ 20 ਮੁੱਖ ਪਾਤਰ ਹਨ ਅਤੇ 11 ਪਾਤਰ ਗੌਣ ਰੂਪ ਵਿਚ ਨਾਵਲ ਪੇਸ਼ ਹੁੰਦੇ ਹਨ। ਇਹ ਪਾਤਰ ਗਰੀਬ ਜਾਂ ਨਿਮਨ ਮੱਧ-ਵਰਗ ਨਾਲ ਸੰਬੰਧਿਤ ਹਨ ਅਤੇ ਆਪਣੇ ਜਮਾਤੀ ਆਧਾਰ ਅਨੁਸਾਰ ਵਿਵਹਾਰ ਕਰਦੇ ਹਨ। ਪ੍ਰੋ: ਬੈਨਰਜੀ ਨਕਸਲੀ ਲਹਿਰ ਦਾ ਮੱਧ ਸ਼ਰੇਣਿਕ ਸ਼ੁਭਚਿੰਤਕ ਹੈ। ਨਕਸਲੀ ਲਹਿਰ ਦੇ ਉਥਾਨ, ਵਿਸਥਾਰ ਅਤੇ ਪਤਨ ਬਾਰੇ ਉਸ ਦੀ ਸਮਝ ਅਤੇ ਵਿਸ਼ਲੇਸ਼ਣ ਅੰਤਰ-ਮੁਖੀ, ਸਤਹੀ ਅਤੇ ਭਾਵੁਕ ਹੈ। ਉਹ ਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਥਾਂ ਭਾਵੁਕ ਟਿੱਪਣੀਆਂ ਦੇ ਕੇ ਮੱਧ-ਵਰਗੀ ਬੁੱਧੀਮਾਨ ਦੀ ਹੱਲਾਸ਼ੇਰੀ ਦਾ ਪ੍ਰਤਿਮਾਨ ਰਚਦਾ ਹੈ। ਉਦਾਹਰਣ ਹਿੱਤ ਉਹ ਨਕਸਲਵਾਦ ਦੇ ਪਤਨ ਨੂੰ ਲੀਡਰਾਂ ਦੀ ਖ਼ੁਦਗਰਜ਼ੀ ਨਾਲ ਜੋੜਦਾ ਹੈ ਅਤੇ ਉਨ੍ਹਾਂ ਦੁਆਰਾ ਅਪਣਾਈ ਦਹਿਸ਼ਤਪਸੰਦ ਮਾਅਰਕੇਬਾਜ਼-ਸੰਕੀਰਨ ਉਧਾਰੀ ਰਾਜਨੀਤਕ ਲਾਈਨ ਦੀ ਗੱਲ ਨਹੀਂ ਕਰਦਾ। ਮੁੱਖ ਪਾਤਰ ਮੇਹਰੂ/ਉਰਫ ਮੇਹਰ ਬੜਾ ਸੰਵੇਦਨਸ਼ੀਲ ਹੈ। ਬਿਹਾਰੀ ਰਿਕਸ਼ੇ ਵਾਲੇ ਦੇ ਕਹਿਣ ਤੇ ਕਿ "ਧੰਦਾ ਤਾਂ ਏਕ ਹੀ ਹੀ ਹੈ ਬਾਬਾ।" (ਪੰਨਾ 12) ਉਹ ਪਜੀਸ ਜਾਂਦਾ ਹੈ ਅਤੇ ਆਪ ਰਿਕਸ਼ਾ ਖਿੱਚਣ ਲੱਗ ਜਾਂਦਾ ਹੈ।

ਇਸ ਤਰ੍ਹਾਂ ਇਹ ਨਾਵਲ ਇਕ ਪਰਿਵਾਰ ਦੀ ਕਹਾਣੀ ਹੈ ਜਿਸ ਦੇ ਸਾਰੇ ਮੈਂਬਰਾਂ ਦੇ ਸੁਪਨ-ਮਹਿਲਾਂ ਦੀਆਂ ਕੰਧਾਂ ਕੱਚੀਆਂ ਹਨ। ਬੂੜ ਸਿੰਘ ਤੇ ਕਰਤਾਰੀ ਦੇ ਪਿੱਤਰੀ ਘਰ ਦੀਆਂ ਕੰਧਾਂ ਵਾਸਤਵਿਕ ਰੂਪ ਵਿਚ ਕੱਚੀਆਂ ਹਨ। ਉਹ ਕੁੱਲੀ, ਜੁੱਲੀ, ਗੁੱਲੀ ਲਈ ਅਤੇ ਆਪਣੇ ਮੁੰਡਿਆਂ ਦੇ ਚੰਗੇਰੇ ਭਵਿੱਖ ਲਈ ਕਈ ਪਾਪੜ ਵੇਲਦੇ ਹਨ ਪਰੰਤੂ ਆਧਾਰ (ਕੱਚੀਆਂ ਕੰਧ) ਕਮਜ਼ੋਰ ਹੋਣ ਕਰਕੇ ਉਨ੍ਹਾਂ ਦੇ ਸਾਰੇ ਯਤਨ ਨਿਰਾਰਥਕ ਸਾਬਤ ਹੁੰਦੇ ਹਨ। ਇਸ ਤਰ੍ਹਾਂ ਮੇਹਰੂ ਵਿਚ ਵੀ ਜੀਵਨ ਆਨੰਦ ਪ੍ਰਾਪਤ ਕਰਨ ਲਈ ਅਤੇ ਰਾਤੋ ਰਾਤ ਅਮੀਰ ਬਣਨ ਦੀ ਪ੍ਰਬਲ ਇੱਛਾ ਹੈ ਪਰੰਤੂ ਆਰਥਿਕ ਆਧਾਰ ਦੇ ਕਮਜ਼ੋਰ ਹੋਣ ਜਾਂ ਅਮਲੀ ਤੌਰ 'ਤੇ ਨਾ ਹੋਣ ਕਾਰਨ ਉਸ ਨੂੰ ਅੰਤ ਟੈਕਸੀ ਹੀ ਚਲਾਉਣੀ ਪੈਂਦੀ ਹੈ। ਭਾਵ ਕੱਚੀਆਂ ਕੰਧਾਂ ਹੋਣ ਕਰਕੇ ਉਹ ਟਰਾਂਸਪੋਰਟਰ ਨਹੀਂ ਬਣ ਸਕਿਆ। ਹੁਨਰਮੰਦ ਤੇ ਤੇਜ ਦਿਮਾਗ ਕਰਮਜੀਤ ਵੀ ਪਰਿਸਥਿਤੀਆਂ ਦਾ ਧਕਿਆ-ਧਕਾਇਆ ਸਮਾਜਕ ਤਬਦੀਲੀ ਦੇ ਅਮਲ ਵਿਚ ਜੁੱਟ ਜਾਂਦਾ ਹੈ। ਪਰੰਤੂ ਉਚਿਤ ਜਮਾਤੀ ਚੇਤਨਾ ਨਾ ਹੋਣ ਕਾਰਨ (ਕੱਚੀਆਂ ਕੰਧਾਂ) ਦਹਿਸ਼ਤਗਰਦ ਟੋਲਿਆਂ ਵਿਚ ਸ਼ਾਮਲ ਹੋ ਜਾਂਦਾ ਹੈ ਅਤੇ ਅਟੱਲ ਹਾਰ ਦਾ ਮੂੰਹ ਵੇਖਦਾ ਹੈ। ਉਸ ਦੀ ਪਤਨੀ, ਪਿਉ ਅਤੇ ਮਾਂ ਦੇ ਚਾਅ ਵੀ ਕੱਚੀਆਂ ਕੰਧਾਂ ਵਾਂਗ ਭੁਰਦੇ ਹਨ। ਉਸ ਦੀ ਪਤਨੀ ਵੀ ਸੰਸਕਾਰਾਂ ਦੀਆਂ ਪੱਕੀਆਂ ਕੰਧਾਂ ਵਿਚ ਜਕੜੀ "ਕੱਚੀਆਂ ਕੰਧਾਂ" ਵਾਂਗ ਭੁਰਦੀ ਰਹਿੰਦੀ ਹੈ। ਉਹ "ਦਿਨ ਦੇ ਚਾਨਣ ਵਿਚ ਉਦਾਸ ਹੋ ਜਾਂਦੀ ਹੈ।" (ਪੰਨਾ 110) ਮੁੱਖ ਪਾਤਰਾਂ ਦੀ ਇਹ ਹੋਣੀ ਨਾਵਲੀ ਸਰਲੇਖ ਨੂੰ ਉਚਿਤਤਾ, ਪ੍ਰਮਾਣਕਿਤਾ ਅਤੇ ਸਾਰਥਿਕਤਾ ਪ੍ਰਦਾਨ ਕਰਦੀ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ "ਕੱਚੀਆਂ ਕੰਧਾਂ" ਨਾਵਲ ਸਾਡੇ ਜਨ-ਜੀਵਨ ਦੀ ਇਕ ਪ੍ਰਤੀਨਿਧ ਕਹਾਣੀ ਨੂੰ ਯਥਾਰਥ ਤੇ ਕਲਾਤਮਕ ਢੰਗ ਨਾਲ

ਕਲਿਆਣਕਾਰੀ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦਾ ਹੈ। ਇਸ ਤਰ੍ਹਾਂ ਉੱਤਮ ਰਚਨਾ ਦੇ ਸਾਰੇ ਮਿਆਰਾਂ ਤੇ ਮੋਟੇ ਰੂਪ ਵਿਚ ਪੂਰਾ ਉੱਤਰਦੀ ਹੋਈ ਪੰਜਾਬੀ ਗਲਪ ਪਰੰਪਰਾ ਵਿਚ ਮਹੱਤਵਪੂਰਨ ਵਾਧਾ ਕਰਦੀ ਹੈ। ਇਸ ਲਈ ਇਸ ਦਾ ਰਚਨਾਕਾਰ ਵਧਾਈ ਦਾ ਪਾਤਰ ਹੈ।

142, ਅਰਬਨ ਅਸਟੇਟ,
ਬਟਾਲਾ—143505.

□

## ਗ਼ਜ਼ਲ

—ਬਲਬੀਰ ਰਿਸ਼ੀ

ਜਬਰ ਦਾ ਮੈਂ ਅੰਤ ਹੋਵਣ ਤੀਕ ਹਾਂ,
ਵਕਤ ਦੇ ਸਬਰਾਂ 'ਚੋਂ ਉੱਠੀ ਚੀਕ ਹਾਂ।

ਦੇਖ ਮੈਨੂੰ ਖੌਲਦਾ ਦਰਿਆ ਹਾਂ ਮੈਂ,
ਧਰ ਸਮੁੰਦਰ ਦੀ ਨਿਰੰਤਰ ਡੀਕ ਹਾਂ।

ਕਿਉਂ ਗ਼ਲਤ ਮੈਨੂੰ ਉਹ ਸਾਬਤ ਕਰ ਰਹੇ,
ਮੈਂ ਕਦੋਂ ਕਹਿਨਾਂ ਕਿ ਮੈਂ ਹੀ ਠੀਕ ਹਾਂ।

ਬਾਂਸ ਦੀ ਛਿਲਤਰ 'ਚੋਂ ਨਿਕਲੀ ਚਿਣਗ ਮੈਂ,
ਹੱਕ ਦੀ ਆਵਾਜ਼ ਦਾ ਪ੍ਰਤੀਕ ਹਾਂ।

ਹੈ ਕਿਨਾਰੇ ਨਾਲ ਇਹ ਝਗੜਾ ਮਿਰਾ,
ਹਾਂ ਸਮੁੰਦਰ ਕਿਉਂ ਕਿਨਾਰੇ ਤੀਕ ਹਾਂ।

ਸ਼ੀਸ਼ਿਆਂ 'ਚੋਂ ਅਕਸ ਬਾਹਰ ਆ ਗਏ,
ਕਹਿ ਰਹੇ ਨੇ ਯਾਰ, ਬਾਹਰ ਠੀਕ ਹਾਂ।

ਮੇਰੇ ਅੰਦਰ ਹੈ ਗੁਆਚਾ ਇਕ ਨਗਰ,
ਉਸ ਨਗਰ ਦਾ ਹੀ ਮੈਂ ਇਕ ਵਸਨੀਕ ਹਾਂ।

ਫਿੱਕੇ ਫਿੱਕੇ ਲਗ ਰਹੇ ਦੁਨੀਆਂ ਦੇ ਰੰਗ,
ਲਗਦਾ ਮੰਜ਼ਿਲ ਦੇ ਬੜਾ ਨਜ਼ਦੀਕ ਹਾਂ।

ਫੇਰ ਘੁਟ ਲੈ ਜ਼ੋਰ ਦੀ ਮੈਨੂੰ ਕਿ ਮੈਂ,
ਤੇਰੀਆਂ ਤਲੀਆਂ 'ਚ ਉਕਰੀ ਲੀਕ ਹਾਂ।

ਟੀ-4/65, ਆਰ. ਐਸ. ਡੀ. ਸ਼ਾਹਪੁਰ ਕੰਡੀ
ਪਠਾਨਕੋਟ (ਪੰਜਾਬ) 145029

□





ਦੋ ਫਲਸਤੀਨੀ ਕਵਿਤਾਵਾਂ

# ਮੁਜਰਮ ਨੰਬਰ 48

(ਮਹਿਮੂਦ ਦਰਵੇਸ਼)

(1)

ਉਹ ਇਕ ਚੱਟਾਨ ਤੇ ਮਰਿਆ ਪਿਆ ਸੀ
ਉਹਨਾਂ ਉਸ ਦੀ ਛਾਤੀ ਵਿੱਚੋਂ ਇੱਕ ਚੰਨ
ਤੇ ਗੁਲਾਬ ਦੀ ਲਾਲਟੈਨ ਲੱਭੀ
ਉਹਨਾਂ ਉਸ ਦੀ ਜੇਬ ਵਿਚੋਂ ਕੁਝ ਸਿੱਕੇ ਕੱਢੇ
ਇੱਕ ਤੀਲ੍ਹਾਂ ਦੀ ਡੱਬੀ
ਅਤੇ ਇਕ ਯਾਤਰਾ ਪਰਮਿੱਟ ਕੱਢਿਆ
ਉਸ ਦੀਆਂ ਬਾਹਾਂ ਤੇ ਤਿੱਤਰ-ਮੋਰ ਉੱਕਰੇ ਹੋਏ ਸੀ।

ਉਸ ਦੀ ਮਾਂ ਨੇ ਉਸ ਦਾ ਮੂੰਹ ਚੁੰਮਿਆ
ਤੇ ਸਾਲ ਭਰ ਵਿਲਕਲਦੀ ਰਹੀ।
ਹਰੀ ਝਾੜੀ ਦੇ ਕੰਡੇ ਉਸ ਦੀਆਂ
ਅੱਖਾਂ ਵਿਚ ਅੜੇ ਰਹੇ
ਤੇ ਹਨੇਰਾ ਸੰਘਣਾ ਸੀ।

ਉਸ ਦਾ ਭਰਾ ਗੱਭਰੂ ਹੋਇਆ
ਤੇ ਸ਼ਹਿਰ ਵਿਚ ਕੰਮ ਲੱਭਣ ਗਿਆ
ਪਰ ਉਸ ਨੂੰ ਕੈਦ ਕਰ ਲਿਆ ਗਿਆ
ਕਿਉਂਕਿ ਉਸ ਕੋਲ ਕੰਮ ਕਰਨ ਦਾ ਕੋਈ ਪਰਮਿੱਟ ਨਹੀਂ ਸੀ
ਉਹ ਗਲੀ ਵਿਚ ਰੱਦੀ ਦਾ ਟੋਕਰਾ
ਤੇ ਡੱਬੇ ਚੁੱਕੀ ਜਾਂਦਾ ਸੀ।

ਮੇਰੇ ਦੇਸ਼ ਦੇ ਬੱਚਿਓ !
ਇਸ ਤਰ੍ਹਾਂ ਹੋਈ ਚੰਦਰਮਾਂ ਦੀ ਹੱਤਿਆ !

(1967)

# ਪਾਸਪੋਰਟ

( 2 )

ਉਹਨਾਂ ਮੈਨੂੰ ਪਛਾਣਿਆਂ ਨਹੀਂ
ਪਾਸਪੋਰਟ ਦੀ ਕਾਲਖ਼ ਨੇ
ਮੇਰੀ ਤਸਵੀਰ ਦੀਆਂ ਸੁਰਾਂ ਨੂੰ ਖੁਰਚ ਦਿੱਤਾ ਹੈ।
ਉਹਨਾਂ ਮੇਰੇ ਜ਼ਖ਼ਮ ਦੀ ਪਰਦਰਸ਼ਨੀ ਲਾਈ
ਤਾਕਿ ਯਾਤਰੀ ਤਸਵੀਰਾਂ ਇਕੱਠੀਆਂ ਕਰਨ ਦੇ ਮੋਹ
ਦੀ ਤ੍ਰਿਪਤੀ ਕਰ ਸਕਣ
ਉਹਨਾਂ ਮੈਨੂੰ ਪਛਾਣਿਆ ਨਹੀਂ।

ਮੇਰੇ ਹੱਥੋਂ ਸੂਰਜ ਦੀ ਧੁੱਪ ਨਾ ਗਵਾਚਣ ਦੇਣ
ਕਿਉਂਕਿ ਇਸ ਦੀਆਂ ਕਿਰਣਾਂ ਦੇ ਚਾਨਣ ਵਿਚ
ਰੁੱਖ ਮੈਨੂੰ ਪਛਾਣ ਲੈਂਦੇ ਹਨ।
ਮੈਨੂੰ ਚੰਨ ਵਾਂਗ ਪੀਲਾ ਨਾ ਛੱਡ ਜਾਇਓ
ਸਾਰੇ ਪੰਛੀ, ਦੂਰ-ਦੁਰਾਡੇ ਹਵਾਈ-ਅੱਡੇ
ਦੀਆਂ ਰੋਕਾਂ ਤੀਕ ਮੇਰੇ ਮਗਰੇ-ਮਗਰ ਗਏ

ਕਣਕ ਦੇ ਸਾਰੇ ਖੇਤ,
ਸਾਰੀਆਂ ਜੇਲ੍ਹਾਂ
ਸਭ ਚਿੱਟੀਆਂ ਕਬਰਾਂ
ਸਭ ਸਰਹੱਦਾਂ
ਸਾਰੇ ਹਿੱਲਦੇ ਰੁਮਾਲ,
ਸਭ ਕਾਲੀਆਂ ਅੱਖਾਂ
ਸਭ ਅੱਖਾਂ ਮੇਰੇ ਨਾਲ ਸਨ।
ਪਰ ਉਹਨਾਂ ਇਹ ਸਭ ਚੀਜ਼ਾਂ ਮੇਰੀ ਪਾਸਪੋਰਟ 'ਚੋਂ
ਕੱਟ ਦਿੱਤੀਆਂ
ਤੇ ਉਸ ਧਰਤੀ ਚੋਂ, ਜਿਸ ਨੂੰ ਮੈਂ ਹੱਥਾਂ ਨਾਲ ਪਾਲਿਆ ਸੀ
ਮੇਰਾ ਨਾਂ, ਮੇਰੀ ਪਹਿਚਾਣ ਖਤਮ ਕਰ ਦਿੱਤੀ।

ਅੱਜ 'ਜੋਬ' ਦੀ ਆਵਾਜ਼ ਸਵਰਗਾਂ
ਵਿੱਚ ਗੂੰਜਦੀ ਹੈ ਤੇ ਆਖਦੀ ਹੈ;
'ਮੇਰੀ ਦੁਬਾਰਾ ਪ੍ਰੀਖਿਆ ਨਾ ਲਵੋ



ਸਤਿਕਾਰ-ਯੋਗ ਪੈਗੰਬਰੋ !
ਰੁੱਖਾਂ ਨੂੰ ਉਹਨਾਂ ਦੇ ਨਾਮ ਨਾ ਪੁੱਛੋ
ਪਹਾੜੀ-ਵਾਦੀਆਂ ਨੂੰ ਉਹਨਾਂ ਦੀ ਮਾਂ ਬਾਰੇ ਨਾ ਪੁੱਛੋ
ਮੇਰਾ ਚਿਹਰਾ ਰੌਸ਼ਨੀ ਦੀ ਤਲਵਾਰ ਘੁੰਮਾ ਰਿਹਾ ਹੈ
ਤੇ ਮੇਰਾ ਹੱਥ ਦਰਿਆ ਦਾ ਚਸ਼ਮਾ ਹੈ
ਲੋਕਾਂ ਦੇ ਦਿਲ ਮੇਰੀ ਕੌਮੀਅਤ ਹਨ।
ਆਹ ਲੈ ਲਓ ਮੇਰੀ ਪਾਸਪੋਰਟ !

(1969)

ਪੰਜਾਬੀ ਅਨੁਵਾਦ : ਹ. ਸ. ਹ.

□

# ਗੀਤ

—ਸ਼ਬਦੀਸ਼

ਸਾਡੀ ਗਲੀ ਵਿੱਚੋਂ ਗਾਉਂਦਾ-ਗਾਉਂਦਾ ਲੰਘ ਜੋਗੀਆ !
ਛੇੜ ਵੰਝਲੀ ਦੀ ਮਿੱਠੀ ਜਿਹੀ ਤਰੰਗ ਜੋਗੀਆ !
ਸਾਨੂੰ ਗੁੱਡੀਆਂ ਪਟੋਲਿਆਂ ਦੇ ਗੀਤ ਮੋੜ ਦੇ
ਹਾੜਾ ਲੁਕਣ-ਮਚਾਈ ਵਾਲੀ ਰੀਤ ਮੋੜ ਦੇ
ਮੋੜ ਕਾਗਜ਼ਾਂ ਦੀ ਬੇੜੀ ਦੀ ਉਮੰਗ ਜੋਗੀਆ
ਸਾਡੀ ਗਲੀ ਵਿੱਚੋਂ... ...
ਸਾਨੂੰ ਖੇਤਾਂ ਵਿੱਚ ਪੈਲਾਂ ਪਾਉਂਦੇ ਮੋਰ ਭਾਲ ਦੇ
ਕੋਇਲ ਬੋਲਦੀ ਤੇ ਘਟਾ ਘਨਘੋਰ ਭਾਲ ਦੇ
ਸੂਹੇ ਰੰਗ ਦੇ ਦੁਪੱਟੇ ਦੇਵੀਂ ਰੰਗ ਜਗੀਆ
ਸਾਡੀ ਗਲੀ ਵਿਚੋਂ... ...
ਚੰਨਾਂ ਤਾਰਿਆਂ ਦੇ ਗੀਤ ਛੇੜ ਸਾਗਰਾਂ ਦੀ ਗੱਲ
ਜਾਗੋ ਜਗਦੀ ਤੇ ਸਿਰ ਚਾਈਆਂ ਗਾਗਰਾਂ ਦੀ ਗੱਲ
ਜੰਞ ਬੰਨ੍ਹਣ-ਛੁਡਾਉਣ ਵਾਲਾ ਢੰਗ ਜੋਗੀਆ
ਸਾਡੀ ਗਲੀ ਵਿੱਚੋਂ... ...
ਮੋੜ ਤੀਆਂ ਵਾਲਾ ਬੋਹੜ, ਲੁੱਡੀ, ਕਿੱਕਲੀ, ਧਮਾਲ
ਹਾਏ ਤ੍ਰਿੰਞਣਾਂ ਦਾ ਪੂਰ ਸਾਡੇ ਹੱਥਾਂ 'ਚ ਗੁਲਾਲ
ਬਾਹਾਂ ਵਿਚ ਚਾੜ੍ਹ ਚਾਵਾਂ ਵਾਲੀ ਵੰਗ ਜੋਗੀਆ
ਸਾਡੀ ਗਲੀ ਵਿੱਚੋਂ... ...
ਸਾਲੂ, ਸੁੱਬਰ ਤੇ ਵਰੀ, ਫੁਲਕਾਰੀਆਂ ਦੀ ਰੀਤ
ਘੋੜੀ ਵੀਰਨੇ ਦੀ ਭੈਣਾਂ ਦੇ ਸੁਹਾਗ ਵਾਲਾ ਗੀਤ
ਸਾਡੇ ਬੁੱਲ੍ਹਾਂ ਉੱਤੇ ਰੱਖ ਜਾ ਨਿਸ਼ੰਗ ਜੋਗੀਆ
ਸਾਡੀ ਗਲੀ ਵਿੱਚੋਂ... ...

□

# ਹਾਸ਼ੀਏ ਦੇ ਆਰ-ਪਾਰ

—ਬਖਤੌਰ ਧਾਲੀਵਾਲ

ਦਿਲ ਤਾਂ ਬਹੁਤ ਕਰਦਾ ਹੈ. ਜ਼ਿੰਦਗੀ ਦੇ ਆਰ ਵੀ ਤੇ
ਜ਼ਿੰਦਗੀ ਦੇ ਪਾਰ ਵੀ,
ਕਿਸੇ ਮਹਿਬੂਬ ਜਿਹੀ ਕੁੜੀ ਦੇ ਨਕਸ਼ ਉਲੀਕਣ ਨੂੰ
ਧਰ ਹਰ ਵਾਰ ਹੀ ਕਲਮ ਰੁਕ ਜਾਂਦੀ ਹੈ ।
ਯਥਾਰਥ ਦੇ ਆਰ ਵੀ ਤੇ ਕਲਪਣਾ ਦੇ ਪਾਰ ਵੀ ।
ਫਿਰ ਅਚਾਨਕ ਜ਼ਿਹਨ 'ਚੋਂ ਖੁੰਭਾਂ ਵਾਂਗ ਕਿੰਨੇ
ਪ੍ਰਸ਼ਨ ਉਠ ਪੈਂਦੇ ਹਨ, ਜੋ ਮੰਗ ਕਰਦੇ ਨੇ
ਵਰਤਮਾਨ ਦੇ ਧਾਰ ਦੀ, ਭਵਿੱਖ ਦੇ ਆਰ ਦੀ
ਦਿਲ ਤਾਂ ਬੜਾ ਕਰਦਾ ਹੈ, ਸਾਰੇ ਝੁੰਮੇਲਿਆਂ ਤੋਂ ਮੁਨਕਰ
ਹੋ, ਖਾਬਾਂ 'ਚੋਂ ਹੁਸੀਨ ਚਿਹਰਿਆਂ ਨੂੰ ਤੱਕਣ ਲਈ,
ਖਿਆਲ ਹਰ ਵਾਰ ਹੀ ਅਖ਼ਬਾਰਾਂ ਦੀਆਂ ਸੁਰਖੀਆਂ
ਦੇ ਰੂਬਰੂ ਹੋ ਖਿੰਡ ਜਾਂਦੇ ਹਨ, ਹਾਦਸਿਆਂ ਦੇ
ਆਰ ਵੀ, ਹਾਦਸਿਆਂ ਦੇ ਪਾਰ ਵੀ
ਦਿਲ ਤਾਂ ਬੜਾ ਕਰਦਾ ਹੈ, ਹਿੰਦਸਿਆਂ ਦੇ ਬਦਲਣ ਨੂੰ
ਨਵਾਂ-ਨਵਾਂ ਕਹਿਣ ਲਈ, ਪਰ
ਜੀਭ ਹਰ ਵਾਰ ਹੀ ਥਥਲਾ ਜਾਂਦੀ ਹੈ, ਦੰਦਾਂ ਦੇ
ਅੰਦਰ ਵੀ ਦੰਦਾਂ ਦੇ ਬਾਹਰ ਵੀ ।
ਦਿਲ ਤਾਂ ਬੜਾ ਕਰਦਾ ਹੈ, ਆਪਣੇ ਪਿੰਡ ਸਮੇਤ ਸਾਰੇ
ਜਹਾਨ ਨੂੰ ਕਲਾਵੇ ਵਿਚ ਲੈਣ ਲਈ, ਪਰ ਸਰਹੱਦਾਂ ਤੇ
ਖਿੱਚੀਆਂ ਲਛਮਣ ਰੇਖਾਵਾਂ ਦਾ ਸੇਕ ਝੁਲਸਾ ਜਾਂਦਾ ਹੈ,
ਸਾਰੇ ਵਜੂਦ ਨੂੰ ਜਿਗਰ ਦੇ ਆਰ ਵੀ ਜਿਗਰ ਦੇ ਪਾਰ ਵੀ
ਦਿਲ ਤਾਂ ਬੜਾ ਕਰਦਾ ਹੈ, ਭੰਗੜੇ, ਗਿੱਧੇ ਮਾਹੀਏ
ਟੱਪੇ ਗਾਉਣ ਨੂੰ, ਪਰ ਚੌਂਕ ਵਿਚੀ ਵਿੰਨੀ ਲਾਸ਼ ਸਾਬਤ
ਸਬੂਤੀ ਖੜੀ ਹੋ ਜਾਂਦੀ ਹੈ,
ਸੋਚਾਂ ਦੇ ਅੰਦਰ ਵੀ ਸੋਚਾਂ ਦੇ ਬਾਹਰ ਵੀ
ਫਿਰ ਦਿਲ ਮੇਰਾ ਗੀਤਾਂ ਦੇ ਹੁੰਦਿਆਂ, ਉੱਚੀ ਉੱਚੀ
ਮਰਸੀਏ ਗਾਉਣ ਲੱਗ ਪੈਂਦਾ ਹੈ, ਹਾਸ਼ੀਏ ਦੇ ਆਰ ਵੀ
ਹਾਸ਼ੀਏ ਪਾਰ ਵੀ

★



# ਇੱਕ ਬੁੱਢੀ ਔਰਤ

—ਅਚਲਾ ਭਾਟੀਆ

ਮੈਂ ਤੇਰੀਆਂ ਬਲੌਰੀ ਅੱਖਾਂ ਵਿਚਲੀ
ਪੀੜ ਨੂੰ ਅਨੁਭਵ ਕਰਦੀ ਹਾਂ

ਦਿਲ ਦੀ ਵੀਰਾਨਗੀ
ਇਕੱਲੀ ਖਾਲੀ ਤੱਕਣੀ
ਬੁੱਲ੍ਹਾਂ ਦੀ ਕੰਬਦੀ ਚੁੱਪ
ਤੇ ਉੱਘੜ-ਦੁਘੜੀਆਂ ਰੇਖਾਵਾਂ
ਜ਼ਿੰਦਗੀ ਦੇ 'ਜ਼ਖ਼ਮੀ' ਘੁਸਮੁਸੇ ਹਨੇਰੇ
ਦੀ ਚੁਗ਼ਲੀ ਕਰਦੀਆਂ ਹਨ ।

ਬਚਪਨ ਦੀ ਨਿਰਛਲਤਾ
ਜਵਾਨੀ ਦੀਆਂ ਸੁਗੰਧੀਆਂ
ਮਿੱਠੀਆਂ ਸੂੰਨਤਾਵਾਂ
ਚਿਰ-ਗਵਾਚਾ ਪਿਆਰ
ਸੁਪਨਿਆਂ ਦੀਆਂ ਚਮਕਦੀਆਂ ਪੈੜਾਂ
ਛੱਡ ਜਾਂਦੇ ਹਨ ।

ਅਤੇ ਜਦੋਂ ਸੰਧਿਆਂ ਦੀਆਂ ਕੋਮਲ
ਚਿਣਗਾਂ ਫੈਲਦੀਆਂ ਹਨ ।
ਤੂੰ ਤੱਕਦੀ ਰਹਿੰਦੀ ਹੈਂ
ਤੇ ਗਵਾਚ ਗਏ ਪੁਰਾਣੇ ਵਕਤਾਂ ਬਾਰੇ
ਗੁਣਗੁਣਾਉਂਦੀ ਰਹਿੰਦੀ ਹੈਂ
ਤੇ ਮੇਰੇ ਹਿਰਦੇ ਵਿਚ ਇਕ ਕੋਮਲ ਤਾਂਘ
ਸਰਸਰਾਉਂਦੀ ਹੈ;
"ਮੈਨੂੰ ਤੇਰੀ ਚਿੰਤਾ ਹੈ
ਮੈਂ ਤੈਨੂੰ ਜਾਣਦੀ ਹਾਂ"

ਗੁਰੂ ਤੇਗ ਬਹਾਦਰ ਨਗਰ,
ਜਲੰਧਰ ।

# ਤਿਤਲੀ ਅਤੇ ਕਾਲੀ ਹਵਾ

## (ਵਿਸ਼ਾਲ)

ਵਿਸ਼ਾਲ ਦੇ ਇਸ ਕਾਵਿ-ਸੰਗ੍ਰਹਿ ਵਿਚ ਇਕ ਸ਼ਬਦ-ਚਿਤਰ, ਤਿੰਨ ਗੀਤ ਅਤੇ ਇਕਤਾਲੀ ਵਾਰਤਕ-ਨੁਮਾ ਕਵਿਤਾਵਾਂ ਹਨ। ਬੇਸ਼ਕ ਇਹ ਵਿਸ਼ਾਲ ਦਾ ਪਹਿਲਾ ਕਾਵਿ-ਸੰਗ੍ਰਹਿ ਹੈ ਪਰ ਉਹ ਪੰਜਾਬੀ ਕਾਵਿ-ਪਿੜ ਵਿਚ ਇਕ ਜਾਣਿਆ ਪਛਾਣਿਆ ਨਾਂ ਹੈ। ਉਹਦੀਆਂ ਵਿਸ਼ੇਸ਼ ਮੂੰਹ-ਮੁਹਾਂਦਰੇ ਅਤੇ ਨਵੇਕਲੇ ਅੰਦਾਜ਼ ਵਾਲੀਆਂ ਰਚਨਾਵਾਂ ਕਾਫੀ ਅਰਸ ਤੋਂ ਸਾਹਿਤਕ ਰਸਾਲਿਆਂ ਵਿਚ ਛਪ ਕੇ ਪਾਠਕਾਂ ਤਕ ਪੁਜਦੀਆਂ ਰਹੀਆਂ ਹਨ ਅਤੇ ਉਹ ਆਪਣੀ ਪੀੜ੍ਹੀ ਦੇ ਨੌਜਵਾਨ ਹੋਣਹਾਰ ਕਵੀਆਂ ਵਿਚ ਆਦਰਯੋਗ ਥਾਂ ਬਣਾ ਚੁਕਾ ਹੈ।

ਕਿਸੇ ਵੀ ਨਵੇਂ ਕਵੀ ਵਿਚ ਆਪਣੀ 'ਗੱਲ' ਆਪਣੇ ਅੰਦਾਜ਼ ਵਿਚ ਕਹਿ ਸਕਣ ਦੀ ਸਮਰਥਾ ਕਵੀ ਅਤੇ ਕਵਿਤਾ ਦੋਹਾਂ ਦੇ ਉਜਲੇ ਭਵਿੱਖ ਦੀ ਜ਼ਾਮਿਨ ਹੁੰਦੀ ਹੈ। ਇਹ ਇਕ ਸੰਤੋਸ਼ਜਨਕ ਗੱਲ ਹੈ ਕਿ ਵਿਸ਼ਾਲ ਵਿਚ ਇਹ ਸਮਰੱਥਾ ਮੌਜੂਦ ਹੈ ਜਿਸਦੀ ਸ਼ਾਹਦੀ ਉਸਦੀਆਂ ਹਥਲੀਆਂ ਕਵਿਤਾਵਾਂ ਭਰਦੀਆਂ ਹਨ। ਉਸਦੇ ਅੰਦਾਜ਼ ਦਾ ਨਵੇਕਲਾਪਣ ਇਹ ਹੈ ਕਿ ਉਹ ਗੱਲ ਸਿੱਧੀ ਕਹਿਣ ਦੀ ਬਜਾਇ ਇਸ ਦੀ ਕੰਨੀ ਜ਼ਰਾ ਦੂਰੋਂ (ਕਈ ਵਾਰ ਬਹੁਤ ਦੂਰੋਂ ਵੀ) ਫੜਦਾ ਹੈ ਅਤੇ ਫਿਰ ਸਹਿਜੇ ਸਹਿਜ, ਅਪਰਤੱਖ, ਅਸਿੱਧੀ ਪਹੁੰਚ-ਵਿਧੀ ਦੁਆਰਾ ਆਪਣੀ ਗੱਲ ਦੇ ਕੇਂਦਰ ਬਿੰਦੂ ਵੱਲ ਵਧਦਾ ਹੈ। ਉਹਦੀ ਕਵਿਤਾ ਆਪਣਾ ਪ੍ਰਭਾਵਿ ਜ਼ਰਾ ਕੁ ਲੋੜੋਂ ਵਧ ਲੰਮਿਆਂ ਕਾਵਿ-ਵਾਕਾਂ ਰਾਹੀਂ ਪੰਕਤੀਓ-ਪੰਕਤੀ ਅਤੇ ਪੈਰਿਓਂ-ਪੈਰੀ ਸਿਰਜਦੀ ਤੁਰੀ ਜਾਂਦੀ ਹੈ ਅਤੇ ਅੰਤ ਵਿਚ ਪਾਠਕ ਉਪਰ ਬੱਝਵਾਂ, ਸੰਘਣਾ ਪ੍ਰਭਾਵਿ ਪਾਉਣ ਵਿਚ ਸਫਲ ਹੁੰਦੀ ਹੈ। ਗੱਲ ਅਸਿੱਧੇ ਢੰਗ ਨਾਲ ਕਰਨੀ ਕਵਿਤਾ ਦਾ ਇਕ ਧੁਰੋਂਵਤ ਗੁਣ ਹੈ। ਪਰ ਅਜਿਹੀ ਕਵਿਤਾ ਪਾਠਕ ਕੋਲੋਂ ਇਕ ਤੀਬਰ, ਸੰਘਣੀ ਇਕਾਗਰਤਾ ਦਾ ਤਕਾਜ਼ਾ ਕਰਦੀ ਹੈ। ਵਿਸ਼ਾਲ ਦੀ ਕਵਿਤਾ ਨਾਲ ਵੀ ਪਾਠਕ ਦੀ ਇਕਾਗਰਤਾ ਲੁਕਣ-ਮੀਚੀ ਖੇਡਣ ਦੀ ਖੁੱਲ ਨਹੀਂ ਲੈ ਸਕਦੀ।

ਹਰ ਸੰਵੇਦਨਸ਼ੀਲ ਸੁਚੇਤ ਕਵੀ ਵਾਂਗ ਵਿਸ਼ਾਲ ਵੀ ਆਪਣੇ ਸਮਿਆਂ ਦੇ ਸੱਚ ਨੂੰ ਸੰਬੋਧਿਤ ਹੈ। ਉਹਦੀ ਕਵਿਤਾ ਓਹਦੇ ਆਲੇ-ਦੁਆਲੇ ਦੀਆਂ ਪ੍ਰਸਥਿਤੀਆਂ ਚੋਂ ਉਪਜੇ ਸੁਹਿਰਦ ਅਹਿਸਾਸ ਦੀ ਪ੍ਰਮਾਣੀਕ ਪੇਸ਼ਕਾਰੀ ਹੈ। ਅੱਜ ਦੇ ਇਤਿਹਾਸਕ ਦੌਰ ਵਿਚ ਇਹਨਾਂ ਪ੍ਰਸਥਿਤੀਆਂ ਦੇ ਰੰਗ ਕੁਝ ਵਧੇਰੇ ਹੀ ਬੁਝੇ ਬੁਝੇ, ਉਦਾਸ ਅਤੇ ਖਰ੍ਹਵੇ ਹਨ। ਇਹਨਾਂ ਰੰਗਾਂ ਦਾ ਤੀਬਰ ਅਹਿਸਾਸ ਉਹਦੀ ਕਵਿਤਾ ਨੂੰ ਮਾਨਵਵਾਦੀ-ਪ੍ਰਗਤੀਵਾਦੀ ਨੁਹਾਰ ਵਿਚ ਢਾਲਦਾ ਹੈ। ਇਹ ਤੱਥ ਜਿੱਥੇ ਇਕ ਪਾਸੇ ਵਿਸ਼ਾਲ ਦੀ ਕਵਿਤਾ ਦੀ ਵਿਸ਼ੇਗਤ ਸੀਮਤਤਾ ਦਾ ਸੰਕੇਤ ਦੇਂਦਾ ਹੈ ਉਥੇ ਇਸ ਗੱਲ ਦਾ ਨਿਸਚਾ ਵੀ ਕਰਾਉਂਦਾ ਹੈ ਕਿ ਵਿਸ਼ਾਲ ਅਹਿਸਾਸ ਅਤੇ ਸੋਚ ਦੇ ਉਸ ਮੁਕਾਮ ਨੂੰ ਕਿਤੇ ਬਹੁਤ ਪਿੱਛੇ ਛੱਡ ਆਇਆ ਹੈ ਜਿੱਥੇ ਉਹਦੀ ਉਮਰ ਦੇ ਬਹੁਤੇ ਕਵੀ ਆਪਣੇ ਨਿੱਜ ਨੂੰ ਹੀ ਜ਼ਮਾਨੇ ਦਾ ਕੇਂਦਰ-ਬਿੰਦੂ ਸਮਝ ਬਹਿੰਦੇ ਹਨ।



ਉਂਝ ਇਹ ਵੀ ਗੱਲ ਨਹੀਂ ਕਿ ਵਿਸ਼ਾਲ ਨੇ ਨਿੱਜ ਦੀ ਗੱਲ ਉੱਕਾ ਹੀ ਨਾ ਕੀਤੀ ਹੋਵੇ। ਸਾਮਾਜਕ ਚੇਤਨਾ ਨੇ ਓੜਕ ਕਵੀ ਦੇ ਨਿੱਜ-ਦਰਪਣ ਵਿਚ ਹੀ ਪ੍ਰਤੀਬਿੰਤਤ ਹੋ ਕੇ, ਉਹਦੀ ਕਾਵਿ-ਕਲਾ-ਕੌਸ਼ਲਤਾ ਦੁਆਰਾ ਕਾਵਿ-ਰੂਪ ਧਾਰਨਾ ਹੁੰਦਾ ਹੈ। ਇਸ ਲਈ ਕੋਈ ਕਵੀ ਆਪਣੇ ਨਿੱਜ ਨੂੰ ਪੂਰਨ ਰੂਪ ਵਿਚ ਆਪਣੀ ਕਵਿਤਾ ਚੋਂ ਮਨਫ਼ੀ ਨਹੀਂ ਕਰ ਸਕਦਾ। ਪਰ ਜਦੋਂ ਕਵੀ-ਨਿੱਜ ਸਮੂਹਕ-ਨਿੱਜ ਦਾ ਅਲਮਬਰਦਾਰ ਹੋ ਕੇ ਉਹਦੀ ਕਾਵਤਾ 'ਚ ਉਜਾਗਰ ਹੁੰਦਾ ਹੈ ਤਾਂ ਉਹ ਵਿਅਕਤੀਗਤ ਕਵੀ-ਨਿੱਜ ਦੀਆਂ ਸੌੜੀਆਂ ਸੀਮਾਵਾਂ ਨੂੰ ਪਾਰ ਕਰ ਜਾਂਦਾ ਹੈ। ਇਸ ਲਈ ਜਦੋਂ ਵਿਸ਼ਾਲ ਮਾਂ-ਬਾਪ ਦਾ ਸਰਵਣ ਪੁੱਤਰ, ਭੈਣ ਦਾ ਸਰਵਣ ਵੀਰ ਅਤੇ ਪਤਨੀ ਦਾ ਦੇਵਤਾ-ਸਰੂਪ ਵਫ਼ਾਦਾਰ ਖ਼ਾਵੰਦ ਨਾ ਬਣ ਸਕਣ ਦੀਆਂ ਆਪਣੀਆਂ ਨਿੱਜੀ ਨਮੋਸ਼ੀਆਂ ਦੀ ਗੱਲ ਕਰਦਾ ਪ੍ਰਤੀਤ ਹੁੰਦਾ ਹੈ ਤਾਂ ਅਸਲ ਵਿਚ ਉਹ ਉਹਨਾਂ ਕਠੋਰ ਪ੍ਰਸਥਿਤੀਆਂ ਦੀ ਬਾਤ ਪਾ ਰਿਹਾ ਹੁੰਦਾ ਹੈ ਜਿਨ੍ਹਾ ਦੀ ਆਦਰਸ਼-ਹੀਣਤਾ ਨੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਬਿਖੜੇ ਔਝੜ ਪੈਂਡਿਆਂ 'ਤੇ ਤੋਰ ਦਿਤਾ ਹੈ।

ਇਸ ਸੰਧਰਭ ਵਿਚ ਅਜੋਕੇ ਮਨੁੱਖ ਦੀ ਬੇਕਿਨਾਰ ਭਟਕਣ ਦੇ ਪਿੱਛੇ ਕਾਰਜਸ਼ੀਲ ਕਾਰਨਾਂ ਦੀ ਨਿਸ਼ਾਨਦੇਹੀ ਵਿਸ਼ਾਲ ਉਹਨਾਂ ਪ੍ਰਸਥਿਤੀਆਂ ਵਜੋਂ ਕਰਦਾ ਹੈ ਜਿਨ੍ਹਾਂ ਦੇ ਅੰਤਰਗਤ "ਜੰਗ ਉਹਦੇ ਜੰਮਣ ਤੋਂ ਵੀ ਪਹਿਲਾਂ ਸ਼ੁਰੂ" ਹੋ ਜਾਂਦੀ ਹੈ, "ਉਹਨੂੰ ਬਸਤੇ ਦੀ ਉਮਰੇ ਹੀ ਤਲੀਆਂ ਤੇ ਬਰਫ਼ ਦੀਆਂ ਡਲੀਆਂ" ਰਗੜਨ ਦੀ ਮਜਬੂਰੀ ਭੋਗਣੀ ਪੈਂਦੀ ਹੈ "ਪਰ ਮੁਕੱਦਰ ਸੀ ਕਿ ਸੀਤ ਹੋਣ ਦਾ ਨਾਂ ਹੀ ਨਹੀਂ ਸੀ ਲੈਂਦਾ" ਅਤੇ "ਇਮਤਿਹਾਨ ਦੇ ਨਤੀਜੇ ਤੋਂ ਪਹਿਲਾਂ ਕਿਤਾਬਾਂ 'ਚ ਰੱਖੇ ਤਿਤਲੀਆਂ ਦੇ ਖੰਭ" ਵੇਖ ਕੇ ਉਹ "ਰੰਗਾਂ ਦੇ ਸਿਰਨਾਵੇਂ 'ਤੇ ਅਜੀਬੋ-ਗਰੀਬ ਦੋਸ਼ ਮੜ੍ਹਨ" ਲਗਦਾ ਹੈ। ਫਿਰ ਮਾਂ ਦੇ ਇਸ ਮਿਹਣੇ ਤੋਂ ਤ੍ਰਹਿੰਦਾ "ਕਿ ਉਹਦੇ ਸਭ ਹਾਣੀ ਰੰਗਾਂ ਵਿਚ ਰੁੱਝੇ ਫਿਰਦੇ ਨੇ ਪਰ ਉਹ ਕਿਉਂ ਫਿੱਕਾ ਫਿੱਕਾ ਰਹਿ ਕੇ ਉਮਰਾਂ ਤੋਂ ਝੁਕਦਾ......ਉਜੜੇ ਖੂਹ ਦੀ ਮੌਣ ਵਾਂਗੂੰ ਰਹਿੰਦਾ" ਹੈ; ਅਤੇ ਬਾਪੂ ਦੇ ਇਸ ਸ਼ਿਕਵੇ ਦੇ ਸਾਹਵੇਂ ਸ਼ਰਮਿੰਦਾ ਹੋਇਆ ਕਿ ਉਹ "ਵਹੀ ਦਾ ਆਕਾਰ ਕਿਉਂ ਨਹੀਂ ਵਧਾਉਂਦਾ", ਓਹ "ਘਰ ਦੀਆਂ ਸਭ ਕੰਧਾਂ ਢਾਹ......ਮਲਬੇ ਹੇਠੋਂ ਆਪਣਾ ਧੜ ਖਿਚ ਕੇ ਚੌਂਕ ਵੱਲ" ਭੱਜਦਾ ਹੈ। ਪਰ ਨਾ ਉਹਨੂੰ ਆਧੁਨਿਕ ਨਾਥ-ਡੇਰੇ—"ਰਜਨੀਸ਼ ਆਸ਼ਰਮ ਵਿਚ" ਸਕੂਨ ਮਿਲਦਾ ਹੈ ਅਤੇ ਨਾ ਹੀ ਉਹਦੀ ਪ੍ਰੰਪਰਕ ਧਰਮ ਦੀ ਸ਼ਰਨ ਵਿਚ ਆਪਣਾ ਆਪ ਲੁਕਾਉਣ ਦਾ ਯਤਨ—"ਕੁਰਾਨ 'ਚ ਗੁਆਚਣ ਦੀ ਕੋਸ਼ਿਸ਼" ਸਫਲ ਹੁੰਦਾ ਹੈ। ਓੜਕ ਹਾਰ ਹੰਭ ਕੇ, ਦਰਸ਼ਨ-ਮਾਰਗ ਵਲੋਂ ਵੀ ਨਿਰਾਸ਼ ਹੋ ਕੇ, ਇਹ ਵੇਖ ਕੇ ਕਿ "ਮਾਰਕਸ ਦੇ ਖੋਲ ਵਿਚ ਵੀ ਉਹਦਾ ਜਿਸਮ ਪੂਰਾ ਨਹੀਂ ਆ ਰਿਹਾ" ਅਤੇ "ਹਜੂਮ ਜਿੰਨਾ ਓਹਦੇ ਅੱਗੇ ਸੀ, ਉਨਾ ਹੀ ਪਿੱਛੇ ਹੈ" ਉਹ "ਵਾਪਸ ਘਰ ਵੱਲ ਨੂੰ ਭੱਜ" ਉਠਦਾ ਹੈ। ਜਿਵੇਂ ਸਵੇਰ ਦਾ ਭੁਲਿਆ ਸ਼ਾਮੀਂ ਘਰ ਪਰਤ ਆਏ ਤਾਂ ਅਸੀਂ ਉਹਨੂੰ ਗੁਆਚਿਆ ਨਹੀਂ ਕਹਿੰਦੇ, ਉਵੇਂ ਹੀ ਉਹ ਭਗੌੜੀ ਭਟਕਣ ਜੋ ਅੰਤ ਘਰ ਦੀਆਂ ਸਰਦਲਾਂ

ਤੇ ਆਣ ਸਜਦਾ ਕਰਦੀ ਹੈ, ਜੀਵਨ-ਅਨੁਭਵ ਨੂੰ ਅਮੀਰ ਬਣਾਉਣ ਵਾਲੀ ਜੁਸਤਜੂ ਹੋ ਨਿਬੜਦੀ ਹੈ। ਏਸੇ ਤਰ੍ਹਾਂ ਉਹ ਵਿਵਰਜਿਤ ਰਿਸ਼ਤਿਆਂ ਦੀ ਸੂਖਮ ਜਿਹੀ ਲਕੀਰ ਪਾਰ ਕਰਦਾ ਕਰਦਾ ਅਟਕਦਾ ਝਿਜਕਦਾ ਹੈ ਅਤੇ ਬਾਵਫ਼ਾ ਪਤਨੀ ਦੀ "ਸੁਹਲ ਮਾਸੂਮੀਅਤ ਨੂੰ ਠੱਗਦਾ ਠੱਗਦਾ ਖਦ ਹੀ ਠੱਗਿਆ ਜਾਣ ਤੋਂ ਬਾਅਦ ਆਪਣੇ "ਮਨ ਦੀ ਮੈਲ ਦੇ ਸਾਰੇ ਪ੍ਰਬਤ" ਆਪਣੀ ਰੁਕਮਣੀ ਦੇ ਸਾਹਵੇਂ ਰਖਕੇ, "ਭਟਕਦੇ ਰਾਹਾਂ ਨੂੰ ਅਲਵਿਦਾ" ਕਹਿ ਕੇ ਆਪਣੀ "ਹਰ ਰਾਧਾ" ਕੁਰਬਾਨ ਕਰਦਾ ਹੈ। ਭਟਕਣ, ਗੁਆਚਣ ਅਤੇ ਥਿੜਕਣ ਤੋਂ ਬਾਦ ਮੁੜ ਮੁੜ ਆਪਣੇ ਆਪੇ, ਆਪਣੀਆਂ ਜੜ੍ਹਾਂ, ਜਿੰਦਗੀ ਦੇ ਯਥਾਰਥ ਵੱਲ ਪ੍ਰਤਣ ਦੀ ਵਿਸ਼ਾਲ ਦੀ ਸੋਚ ਅਤੇ ਉਹਦੀ ਕਵਿਤਾ ਦੀ ਸਿਹਤਮੰਦ ਅਤੇ ਹਾਂ-ਮੁਖੀ ਪ੍ਰਵਿਰਤੀ ਅੰਨ੍ਹੀ ਗਲੀ ਦੇ ਸਿਰੇ ਤੇ ਰੌਸ਼ਨੀ ਦੀ ਆਸ਼ਾਜਨਕ ਕਿਰਨ ਹੈ।

ਪਰ ਗੱਲ ਵਾਪਸ ਪਰਤਣ ਨਾਲ ਹੀ ਨਹੀਂ ਮੁਕਦੀ। ਸੰਘਾਰ ਅਤ ਉਸਾਰ ਇਕ ਦਵੰਦਾਤਮਿਕ ਰਿਸ਼ਤੇ 'ਚ ਬੱਝੀਆਂ ਦੋ ਬੁਨਿਆਦੀ ਪ੍ਰਕਿਰਿਆਵਾਂ ਹਨ ਜੋ ਪ੍ਰਕਿਰਤਕ ਅਤੇ ਸਮਾਜਕ ਗਤੀਸ਼ੀਲਤਾ ਦੀਆਂ ਜ਼ਾਮਨ ਹਨ। ਇਸ ਗਤੀਸ਼ੀਲਤਾ ਵਿਚ ਭਾਈਵਾਲ ਬਣਨਾ ਹੀ ਮਨੁੱਖ-ਜੀਵਨ ਦਾ ਲਕਸ਼ ਹੈ। ਸੋ ਬਾਪੂ ਪੁਤਰ ਦੁਆਰਾ ਢਾਹੇ ਘਰ ਦੇ ਮਲਬੇ ਤੇ ਬਹਿ ਕੇ ਝੂਰਨ ਦੀ ਥਾਂ ਵਾਪਸ ਪਰਤੇ ਪੁਤਰ ਨੂੰ "ਕੰਧਾਂ ਉਸਾਰਨ ਵਿਚ ਮਸਰੂਫ਼" ਮਿਲਦਾ ਹੈ! ਪੁਤਰ "ਆਪਣੇ ਜਿਸਮ 'ਚੋਂ ਇਕ ਇੱਟ ਕੱਢ ਕੇ ਬਾਪੂ ਵਲ" ਵਧਾਉਂਦਿਆਂ ਇਸ ਨਵ-ਨਿਰਮਾਣਕਾਰੀ ਕਾਰਜ ਵਿਚ ਸ਼ਾਮਲ ਹੋਣ ਲਈ ਤਾਂਘਦਾ ਹੈ ਤਾਂ ਰਿਸ਼ੀਆਂ ਵਰਗਾ ਬਾਪੂ ਦੇਵ-ਬਾਣੀ ਵਰਗੇ ਬੋਲਾਂ ਬੋਲਾ ਵਿਚ ਪੁਤਰ ਦੇ ਸਾਹਮਣੇ ਜੀਵਨ-ਯਥਾਰਥ ਦਾ ਇਕ ਹੋਰ ਨਵੀਂ ਧਰਤ ਖੋਲ੍ਹ ਦੇਂਦਾ ਹੈ ("ਤੇਰੇ ਹੱਥ ਇੱਟਾਂ ਨਾਲੋਂ ਬਹੁਤ ਛੋਟੇ ਹਨ ਅਤੇ ਤੇਰੇ ਪੈਰ ਘਰ ਨਾਲੋਂ ਬਹੁਤ ਵੱਡੇ")। ਪੁਤਰ ਵਿਚ ਇਹ ਅਹਿਸਾਸ ਬੜੀ ਸ਼ਿੱਦਤ ਨਾਲ ਜਾਗਦਾ ਹੈ ਕਿ "ਉਹਦੇ ਜੰਮਣ ਤੋਂ ਵੀ ਪਹਿਲਾਂ ਸ਼ੁਰੂ ਹੋ ਗਈ... ਜੰਗ ਬਹੁਤ ਭਿਆਨਕ ਮੋੜ ਤੇ ਪੁੱਜ ਚੁਕੀ ਹੈ।" ਜੰਗ ਦੀ ਭਿਆਨਕਤਾ ਦਾ ਇਹ ਭਿਅੰਕਰਤਮ ਮੋੜ ਇਸ ਭਿਆਨਕਤਾ ਦਾ ਅੰਤਲਾ ਇਤਿਹਾਸਕ ਮੋੜ ਵੀ ਸਾਬਤ ਹੋ ਸਕਦਾ ਹੈ। ਕਾਸ਼! ਬਾਪੂ ਦਾ ਇਹ ਸੁਨੇਹਾ ਵਿਸ਼ਾਲ ਦੀ ਭਟਕੀ ਹੋਈ ਪੀੜ੍ਹੀ ਤਕ ਵੀ ਇਵੇਂ ਹੀ ਪੁੱਜ ਸਕੇ!

ਪੰਜਾਬ ਤਰਾਸਦੀ ਦੇ ਕਾਲੇ ਪ੍ਰਛਾਵਿਆਂ ਨੇ ਵਿਸ਼ਾਲ-ਕਾਵ ਨੂੰ ਬੁਰੀ ਤਰ੍ਹਾਂ ਘੇਰਿਆ ਹੋਇਆ ਹੈ। ਇਸ ਵਿਸ਼ੇ ਉਪਰ ਰਚੀ ਜਾ ਰਹੀ ਬਹੁਤੀ ਕਵਿਤਾ ਵਿਚ ਦੋ-ਇਕ ਗੱਲਾਂ ਬਹੁਤ ਬੁਰੀ ਤਰ੍ਹਾਂ ਰੜਕਦੀਆਂ ਹਨ। ਬਹੁਤੇ ਕਵੀਆਂ ਦੀ ਪਹੁੰਚ ਏਨੀ ਇਕ ਪਾਸੜ, ਸਰਲ ਅਤੇ ਸਿੱਧੜ ਹੈ ਕਿ ਕਵਿਤਾ ਇਸ ਤਰਾਸਦੀ ਦੀ ਜਟਲਤਾ ਤੋਂ ਪਰੇ ਧਰੇ, ਇਸਦੀ ਬਹੁਪਰਤਤਾ ਅਤੇ ਬਹੁਪਾਸਾਰਤਾ ਨੂੰ ਛੂਹੇ ਬਿਨਾਂ ਮਹਿਜ਼ ਵਿਰਲਾਪ ਬਣ ਕੇ ਰਹਿ ਗਈ ਹੈ। ਕਈ ਹਾਲਤਾਂ ਵਿਚ ਇਸ ਵਿਸ਼ੇ ਨੂੰ ਕੇਵਲ ਇਕ ਫ਼ੈਸ਼ਨੇਬਲ ਟਰੇਡ ਮਾਰਕ ਵਜੋਂ ਹੀ ਵਰਤਿਆ ਜਾ ਰਿਹਾ ਹੈ। ਜਿਸਦੇ ਫਲਸਰੂਪ ਕਵਿਤਾ ਕਵਿਤਾ ਵੀ ਨਹੀਂ ਬਣ ਸਕੀ। ਵਿਸ਼ਾਲ ਕਾਵਿ 'ਚ ਇਹ ਦੋਸ਼ ਬਹੁਤ ਘੱਟ ਰੜਕਦੇ ਹਨ। ਇਸ ਦੇ ਮੁੱਖ ਕਾਰਨ ਉਸਦੀ



ਅਸਿੱਧੀ ਪਹੁੰਚ, ਉਸਦੇ ਅਹਿਸਾਸ ਦੀ ਪ੍ਰਮਾਣਿਕਤਾ ਅਤੇ ਉਹਦੇ ਖ਼ੂਬਸੂਰਤ, ਨਵੇਕਲੇ ਕਾਵਿ-ਬਿੰਬ ਹਨ। ਯੁਗਾਂ ਪੁਰਾਣੇ ਸੰਘਟਿਤ ਪੰਜਾਬੀ ਸਭਿਆਚਾਰ ਦੇ ਸ਼ਾਂਤ ਨਿਰਮਲ ਸਰੋਵਰ ਦੇ ਪ੍ਰਦੂਸ਼ਣ ਨੂੰ ਉਹ "ਬਾਹਰ ਵਾਲੇ ਬੋਹੜ ਦੇ ਥੜ 'ਤੇ ਖਿੱਲੀਆਂ ਦੀ ਥਾਂ ਸਾਜ਼ਿਸ਼ਾਂ ਦੇ ਚੰਡਾਲੀ ਨਾਚ" ਦੇ ਬਿੰਬ ਰਾਹੀਂ ਰੂਪਮਾਨ ਕਰਦਾ ਹੈ। ਪੰਜਾਬ ਦੇ ਮਿਸ਼ਰਤ ਸਭਆਚਾਰ ਦੀ ਨੀਂਹ ਹੱਲ ਅਤੇ ਹੱਟੀ ਦੀ ਸਦੀਵੀ ਸਾਂਝ ਉਪਰ ਉਸਰੇ ਨਿਗਰ ਅਰਥਚਾਰੇ ਉਪਰ ਖੜ੍ਹੀ ਹੈ। ਪਰ ਅੱਜ ਇਹ ਸਾਰਾ ਉਸਾਰ ਅਤੇ ਪਰਉਸਾਰ ਡਾਵਾਂ ਡੋਲ ਹੈ ਕਿਉਂਕਿ ਹੁਣ "ਸਾਂਝੇ ਪਿੱਪਲ ਦੀ ਛਾਂ ਦਾ ਆਪਣਾ ਹਿੱਸਾ ਲੈ ਕੇ......ਹੱਟੀ ਹਿਜਰਤ" ਕਰਨ ਲਈ ਮਜਬੂਰ ਕਰ ਦਿੱਤੀ ਗਈ ਹੈ। ਪੁਤਰਾਂ ਦੀ ਸਦਾ ਸੁੱਖ ਮੰਗਦੀਆਂ ਮਾਵਾਂ ਅੱਜ ਉਹਨਾਂ ਨੂੰ "ਜਾਹ ਪੁੱਤ ਜਲਾਵਤਨ ਹੋ ਜਾ" ਵਰਗਾ ਸਰਾਪਿਆ ਵਰਦਾਨ ਦੇਣ ਲਈ ਮਜ਼ਬੂਰ ਹਨ। ਸੂਝਵਾਨ, ਸੁਚੇਤ ਅਤੇ ਸੰਵੇਦਨਸ਼ੀਲ ਸ਼ਾਇਰ ਨੂੰ "ਆਪਣੇ ਹੀ ਮੱਥੇ ਪਿੱਛੇ ਗਰਕਣ ਤੋਂ ਫ਼ੁਰਸਤ ਨਹੀਂ।" ਪਰ ਇਹਨਾਂ ਪ੍ਰਦੂਸ਼ਤ ਪ੍ਰਸਥਿਤੀਆਂ ਦਾ ਦਰਦ ਹੰਢਾਉਂਦਾ ਹੋਇਆ ਸ਼ਾਇਰ ਉਦਾਸ ਹੈ, ਨਿਰਾਸ ਨਹੀਂ। ਉਹ ਅਜੇ ਵੀ ਉਜੜੀਆਂ "ਰੁੱਤਾਂ ਦੇ ਸਿਆੜਾਂ ਤੇ ਜਿਸਮ ਉਗਾਉਨ" ਅਤੇ ਤਮੰਨਾਵਾਂ ਨੂੰ .....ਸਾਹਾਂ ਦੇ ਪਾਣੀਆਂ ਨਾਲ ਸਿੰਝ ਕੇ ਮੁੜ ਹਰਿਆਂ ਕਰਨ ਦੀ ਰੀਝ ਸਾਂਭੀ ਬੈਠਾ ਹੈ।

ਵਿਸ਼ਾਲ ਦੀ ਕਵਿਤਾ ਵਿਚ ਰੜਕਣ ਵਾਲੀ ਗੱਲ ਲੈਅ ਦੀ ਅਣਹੋਂਦ ਹੈ! ਬਹੁਤੇ ਆਲੋਚਕ ਅਤੇ ਸ਼ਾਇਰ ਇਸ ਗੱਲ ਉਪਰ ਸਹਿਮਤ ਹਨ ਕੇ ਸਫਲ ਖੁੱਲ੍ਹੀ ਕਵਿਤਾ ਰਚਣ ਲਈ ਕਵੀ ਨੂੰ ਛੰਦ ਅਤੇ ਲੈਅ ਦੀ ਪੂਰੀ ਸੂਝ ਹੋਣੀ ਚਾਹੀਦੀ ਹੈ। ਵਿਸ਼ਾਲ ਇਸ ਗੱਲ ਵਲੋਂ ਬਹੁਤ ਅਵੇਸਲਾ ਪ੍ਰਤੀਤ ਹੋ ਰਿਹਾ ਹੈ। ਉਹਦੇ ਤਿੰਨੇਂ ਗੀਤ ਵੀ ਏਸੇ ਗੱਲ ਦੀ ਸ਼ਾਹਦੀ ਭਰਦੇ ਹਨ। ਪੂਰਨ ਰੂਪ ਵਿਚ ਲੈਅਹੀਣ ਕਵਿਤਾ ਵਾਰਤਕ ਤਾਂ ਸਾਇਦ ਖ਼ੂਬਸੂਰਤ ਬਣ ਜਾਵੇ ਪਰ ਉਹ ਕਵਿਤਾ ਅਖਵਾਉਣ ਦਾ ਹੱਕ ਗੁਆ ਬਹਿੰਦੀ ਹੈ। ਇਸ ਸੰਦਰਭ ਵਿਚ ਮਰਹੂਮ ਮੀਸ਼ਾ ਕਹਿੰਦਾ ਹੁੰਦਾ ਸੀ ਕਿ ਉਸ ਕਵੀ ਨੂੰ ਖੁੱਲ੍ਹੀ ਕਵਿਤਾ ਲਿਖਣ ਦਾ ਕੋਈ ਹੱਕ ਨਹੀਂ ਜੋ ਕਰੋੜਾ ਛੰਦ ਵੀ ਨਹੀਂ ਲਿਖ ਸਕਦਾ।

—ਮੇਜਰ ਪਿਆਰਾ ਸਿੰਘ

□

# ਬੁੱਕਲ ਦਾ ਰਿਸ਼ਤਾ

## (ਇੰਦਰ ਸਿੰਘ ਖ਼ਾਮੋਸ਼)

ਇੰਦਰ ਸਿੰਘ ਖ਼ਾਮੋਸ਼ ਬਰਨਾਲਾ ਸਕੂਲ ਆਫ ਲਿਟਰੇਚਰ ਦੀ ਬਿਹਤਰੀਨ ਪਰਾਪਤੀ ਹੈ। ਬਰਨਾਲਾ ਇਕ ਅਜਿਹਾ ਛੋਟਾ ਜਿਹਾ ਕਸਬਾ ਹੈ। ਜਿਥੇ ਕਦੇ ਅਹਿਮ ਰਾਜਸੀ ਘਟ-ਨਾਵਾਂ ਵਾਪਰੀਆਂ ਸਨ। ਸੇਵਾ ਸਿੰਘ ਠੀਕਰੀਵਾਲਾ ਦਾ ਇਹ ਕਾਰਜ ਕੇਂਦਰ ਸੀ। ਇਥ ਹੀ ਗੜਵੀ ਚੋਰੀ ਦਾ ਮੁਕੱਦਮਾ ਉਸ ਉਤੇ ਬਣਿਆਂ ਸੀ। ਇਥ ਹੀ ਪੰਜਾਹਵਿਆ ਵਿਚ ਕੁਝ

ਯੁਵਕਾਂ ਨੇ ਰਲਕੇ ਸਾਹਿਤ ਸਭਾ ਬਣਾਈ ਸੀ ਅਤੇ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਅਰੰਭ ਕੀਤੀਆਂ ਸਨ। ਇੰਦਰ ਸਿੰਘ ਖ਼ਾਮੋਸ਼ ਇਹਨਾਂ ਸਰਗਰਮੀਆਂ ਕਰਨ ਵਾਲਿਆਂ ਵਿਚੋਂ ਸਿਰਕੱਢ ਹੈ। ਇਸ ਨੇ ਮੁੱਢ ਵਿਚ ਕਵਿਤਾ ਲਿਖੀ। ਫਿਰ ਕਹਾਣੀ ਤੇ ਫਿਰ ਨਾਵਲ। ਇਸ ਦਾ ਪਹਿਲਾ ਨਾਵਲ "ਰਿਸ਼ਤਿਆਂ ਦੇ ਰੰਗ" ਜਾਗੀਰੂ ਪਰਬਾ ਵਿਚ ਰਿਸ਼ਤਿਆਂ ਦੇ ਅਮਾਨਵੀ ਹੋਣ ਤੇ ਤੇਜ਼ੀ ਨਾਲ ਟੁੱਟਣ ਦੀ ਕਥਾ ਸੀ। ਜਿਹੜੀ ਉਸਨੇ ਸਹਿਜ ਰੂਪ ਵਿਚ ਲਿਖੀ ਸੀ। ਕਈ ਵਰ੍ਹਿਆਂ ਪਿਛੋਂ ਉਸਨੇ ਦੂਜਾ ਨਾਵਲ "ਇਕ ਹੋਰ ਤਾਜ਼ ਮਹਿਲ" ਲਿਖਿਆ ਸੀ। ਉਸ ਵਿਚ ਉਸਨੇ ਪਿਆਰ ਵਰਗੀ ਪਵਿਤਰ ਚੀਜ਼ ਨੂੰ ਵੀ ਆਰਥਕ ਪੱਖੋਂ ਚੇਤਨ ਤੇ ਜਮਾਤੀ ਵਖਰੇਵੇਂ ਨੂੰ ਮੰਨਣ ਵਾਲਾ ਪੇਸ਼ ਕੀਤਾ ਸੀ। ਇਸ ਤਰ੍ਹਾਂ ਉਹਨੇ ਸਹਿਜ ਰੂਪ ਵਿਚ ਹੀ ਜਮਾਤੀ ਵੰਡ ਦੇ ਵਿਗਿਆਨਕ ਸੱਚ ਨੂੰ ਪੇਸ਼ ਕੀਤਾ ਸੀ।

ਹੁਣ ਉਹਨੇ ਕਾਫੀ ਸਮੇਂ ਪਿਛੋਂ ਆਪਣਾ ਤੀਜਾ ਨਾਵਲ 'ਬੁੱਕਲ ਦਾ ਰਿਸ਼ਤਾ" ਲਿਖਿਆ ਹੈ। "ਬੁੱਕਲ ਦਾ ਰਿਸ਼ਤਾ" ਵੀ ਪਹਿਲੇ ਨਾਵਲਾਂ ਵਿਚ ਪੇਸ਼ ਕੀਤੇ ਸੱਚ ਨੂੰ ਹੋਰ ਸਪੱਸ਼ਟ ਕਰਦਾ ਹੈ। ਮਰਦ ਇਸਤਰੀ ਦਾ ਰਿਸ਼ਤਾ ਸਮਾਜ ਦਾ ਸਭ ਤੋਂ ਨੇੜਲਾ ਰਿਸ਼ਤਾ ਹੈ। ਸਮੁਚੇ ਸਮਾਜ ਦਾ ਉਸਾਰ ਇਸੇ ਰਿਸ਼ਤੇ ਤੋਂ ਤੁਰਦਾ ਹੈ। ਪਰੰਤੂ ਜਮਾਤੀ ਸਮਾਜ ਤੇ ਆਰਥਕ ਹਿੱਤ ਅਜਿਹੇ ਦੋ ਸੱਚ ਹਨ, ਜਿੰਨਾਂ ਨੂੰ ਕੋਈ ਵੀ ਝੁਠਲਾ ਨਹੀਂ ਸਕਦਾ। ਜਿਥੇ ਆਰਥਕ ਹਿੱਤਾਂ ਦਾ ਸਵਾਲ ਖੜਾ ਹੋਇਆ, ਉੱਤੇ ਹੀ ਰਿਸ਼ਤਿਆਂ ਉਤੋਂ ਪਵਿੱਤਰਤਾ ਦਾ ਮੁਲੰਮਾ ਲਹਿਣ ਲੱਗ ਪੈਂਦਾ ਹੈ। ਇਹ ਰਿਸ਼ਤਾ ਮਾਪਿਆਂ ਤੇ ਪੁੱਤ ਦਾ ਹੋਵੇ, ਭੈਣ ਤੇ ਭਰਾ ਦਾ ਹੋਵੇ, ਚਾਹੇ ਪਤੀ ਤੇ ਪਤਨੀ ਦਾ ਹੋਵੇ. ਸਾਰੇ ਇਕੋ ਤਰਾਂ ਵਿਵਹਾਰ ਕਰਦੇ ਹਨ।

ਨਾਵਲ ਵਿਚ ਇਕ ਪਿੰਡ ਦੀ ਕਥਾ ਹੈ। ਜਿਥੇ ਇਕ ਦਰਮਿਆਨਾ ਕਿਸਾਨ ਬਲਦੇਵ ਸਿੰਘ ਦੀ ਪਤਨੀ ਚਿੰਤੀ ਕੈਂਸਰ ਵਰਗੇ ਭਿਆਨਕ ਰੋਗ ਨਾਲ ਮਰਦੀ ਹੈ। ਬਲਦੇਵ ਸਿੰਘ ਉਮਰ ਪਖੋਂ ਮੰਝਧਾਰ ਵਿਚ ਹੈ। ਉਸ ਦੇ ਦੋ ਮੁੰਡੇ ਵਿਆਹੇ ਹੋਏ ਹਨ, ਪਰੰਤੂ ਹਾਲੇ ਦੋ ਕੁੜੀਆਂ ਵਿਆਹੁਣ ਵਾਲੀਆਂ ਰਹਿੰਦੀਆਂ ਹਨ। ਇਸ ਸੰਕਟ ਦੇ ਸਮੇਂ ਸੁਖਪਾਲ ਉਸ ਪਿੰਡ ਵਿਚ ਦਾਈ ਬਣਕੇ ਆਉਂਦੀ ਹੈ। ਮਰ ਰਹੀ ਚਿੰਤੀ ਤੇ ਪਰਵਾਰ ਲਈ ਫਰਿਸ਼ਤਾ ਬਣ ਜਾਂਦੀ ਹੈ। ਇਹ ਕੁਝ ਕਰਨਾ ਜਿਥ ਇਕ ਪਾਸੇ ਮਨੁਖੀ ਫਿਤਰਤ ਦਾ ਹਿੱਸਾ ਹੈ, ਦੂਜੇ ਪਾਸੇ ਸੁਖਪਾਲ ਦੀ ਲੋੜ ਵੀ ਹੈ। ਸੁਖਪਾਲ ਦਾ ਪਤੀ ਬੁੱਢਾ ਤੇ ਨਿਤਾਣਾ ਹੈ। ਉਸਦੇ ਸ਼ਰੀਕ ਉਸਨੂੰ ਤੰਗ ਕਰਦੇ ਹਨ। ਸੁਖਪਾਲ ਜੀਵਨ ਸੰਘਰਸ਼ ਵਿਚ ਨੌਕਰੀ ਕਰਦੀ ਹੈ ਤੇ ਬਲਦੇਵ ਸਿੰਘ ਦੇ ਘਰ ਵਿਚ ਆਪਣਾ ਥਾਂ ਬਣਾ ਲੈਂਦੀ ਹੈ। ਪਿਛੋਂ ਚਿੰਤੀ ਵਲੋਂ ਖਾਲੀ ਛੱਡਿਆ ਥਾਂ ਵੀ ਮੱਲ ਲੈਂਦੀ ਹੈ। ਲੋਕਾਂ ਦੇ ਸਾਹਮਣੇ ਉਹ ਹਾਲੇ ਵੀ 'ਭੈਣ ਭਰਾ' ਵਜੋਂ ਪੇਸ਼ ਹੁੰਦੇ ਹਨ। ਪਰੰਤੂ ਅੰਦਰ ਖਾਤੇ ਇਸਤਰੀ ਮਰਦ ਦੇ ਰਿਸ਼ਤੇ ਵਿਚ ਬੰਨ੍ਹੇ ਜਾਂਦੇ ਹਨ। ਦੋਨੋਂ ਇਕ ਦੂਜੇ ਦੀ ਜਰੂਰਤ ਹਨ। ਬਲਦੇਵ ਸਿੰਘ ਨੂੰ ਸਰੀਰਕ ਮਾਨਸਿਕ ਤੇ ਵਿਵਹਾਰਕ ਪੱਖੋਂ ਸਾਥ ਦੀ ਲੋੜ ਹੈ। ਇਹੋ ਲੋੜ ਸੁਖਪਾਲ ਦੀ ਹੈ। ਦੋਨੋਂ ਇਕ ਦੂਜੇ ਦੇ ਪੂਰਕ ਹਨ। ਇਕ ਦੂਜੇ ਦੇ ਕੰਮ ਆਉਂਦੇ ਹਨ। ਸਮਾਜਿਕ ਕੰਮਾਂ ਵਿਚ ਇਕ ਦੂਜੇ ਲਈ ਮੂਹਰੇ ਹੋਕੇ ਲੜਦੇ ਹਨ। ਸਭ ਕੁਝ ਠੀਕ ਸੀ ਤੇ ਠੀਕ ਚਲ ਰਿਹਾ ਸੀ। ਪਰ ਆਰਥਕ ਤੇ ਨਿੱਜੀ ਹਿੱਤਾਂ ਦਾ ਸੱਚ ਨਹੀਂ ਮਰਦਾ। ਬਲਦੇਵ ਸਿੰਘ ਸੁਖਪਾਲ ਨੂੰ ਇਕ ਪਤਨੀ ਵਜੋਂ



ਭੋਗਦਾ ਹੈ। ਪਰ ਉਸਦੀ ਔਲਾਦ ਨੂੰ ਜ਼ਮੀਨ ਦੇਣ ਲਈ ਤਿਆਰ ਨਹੀਂ ਹੈ। ਜਦੋਂ ਕਿ ਆਪਣੀ ਪਤਨੀ 'ਚਿੰਤੀ ਦੀ ਕੁਖੋਂ ਜੰਮੀ ਔਲਾਦ ਲਈ ਸਭ ਕੁਝ ਕਰਦਾ ਹੈ। ਇਹ ਹਿਤਾਂ ਦੀ ਰਾਖੀ ਦਾ ਦਵੰਦ, ਜਮਾਤੀ ਦਵੰਦ ਹੈ। ਇਸ ਕਥਾ ਦਾ ਇਹੋ ਸੰਕਟ ਹੈ। ਜਿਸ ਨਾਲ ਸਾਰਾ ਕੁਝ ਢਹਿ ਢੇਰੀ ਹੋ ਜਾਂਦਾ ਹੈ। ਸੁਖਪਾਲ ਬਲਦੇਵ ਸਿੰਘ ਦੀ ਦੁਸ਼ਮਣ ਬਣ ਜਾਂਦੀ ਹੈ। ਉਸਦੇ ਆਰਥਕ ਹਿਤਾਂ ਤੇ ਸੱਟ ਮਾਰਦੀ ਹੈ। ਉਸਦੇ ਵਿਰੋਧੀਆਂ ਨਾਲ ਰਲ ਜਾਂਦੀ ਹੈ। ਬਦਲੇ ਵਿਚ ਬਲਦੇਵ ਸਿੰਘ ਸੁਖਪਾਲ ਨੂੰ, ਆਪੇ ਦਵਾਈ ਨੌਕਰੀ ਵਿਚੋਂ ਕਢਾਉਣ ਤਕ ਜਾਂਦਾ ਹੈ। ਸੁਖਪਾਲ ਸਰੀਰਕ ਤੌਰ ਤੇ ਮਰ ਜਾਂਦੀ ਹੈ। ਬਲਦੇਵ ਸਿੰਘ ਮਾਨਸਿਕ ਪਖੋਂ ਮਰ ਜਾਂਦਾ ਹੈ।

ਲੇਖਕ ਨੇ ਇਸ ਕਥਾ ਵਿਚ ਪੰਜਾਬ ਦੀ ਅਜੋਕੀ ਤਰਾਸਦੀ ਦਾ ਵੀ ਵਰਨਣ ਕੀਤਾ ਹੈ। ਸੁਖਪਾਲ ਦੇ ਸਰੀਕ ਜਮੀਨ ਦੀ ਪਰਾਪਤੀ ਲਈ ਪੁਲਸ ਦਾ ਆਸਰਾ ਲੈਂਦੇ ਹਨ। ਪੁਲਸ ਸੁਖਪਾਲ ਦੇ ਮੁੰਡਿਆਂ ਜੀਤੇ ਤੇ ਬੰਸੇ ਨੂੰ ਕੁਟਦੀ ਹੈ। ਉਸਦੀ ਲੜਕੀ ਅਮਰਜੀਤ ਨਾਲ ਥਾਣੇਦਾਰ ਸੰਪਤ ਸਿੰਘ ਬਲਾਤਕਾਰ ਕਰਦਾ ਹੈ। ਇਸੇ ਜਬਰ ਦਾ ਸਿੱਟਾ ਹੈ ਕਿ ਸੁਖਪਾਲ ਦਾ ਇਕ ਮੁੰਡਾ ਅਤਿਵਾਦੀ ਬਣ ਜਾਂਦਾ ਹੈ। ਇਥੇ ਲੇਖਕ ਜਿਥੇ ਇਕ ਪਾਸੇ ਪੁਲਸ ਜ਼ਬਰ ਤੇ ਧੱਕੇ ਨੂੰ ਪੇਸ਼ ਕਰਦਾ ਹੈ। ਉਥੇ ਅਤਿਵਾਦੀਆਂ ਵਲੋਂ ਨਿਰਦੋਸ਼ਿਆਂ ਦੇ ਅੰਨ੍ਹੇ ਕਤਲਾਂ ਦਾ ਖਾਸ ਵਰਨਣ ਨਹੀਂ ਕਰਦਾ। ਪੁਲਸ ਜਬਰ ਪੰਜਾਬ ਦੇ ਦੁਖਾਂਤ ਦਾ ਇਕ ਪੱਖ ਹੈ। ਦੂਜੇ ਪੱਖ ਦੀ ਪੇਸ਼ਕਾਰੀ ਬਿਨਾਂ ਇਹ ਪੱਖ ਉਲਾਰ ਤੇ ਅਧੂਰਾ ਹੈ।

ਇੰਦਰ ਸਿੰਘ ਖਾਮੋਸ਼ ਇਕ ਚੇਤਨ ਕਥਾਕਾਰ ਹੈ, ਜਿਹੜਾ ਸਹਿਜ ਤੇ ਕਲਾਮਈ ਢੰਗ ਨਾਲ ਸਮਾਜਿਕ ਦੁਖਾਂਤ ਤੇ ਸੱਚ ਨੂੰ ਬਿਆਨ ਕਰਦਾ ਹੈ। ਖਾਮੋਸ਼ ਘੱਟ ਲਿਖਦਾ ਹੈ ਪਰ ਜੋ ਲਿਖਦਾ ਹੈ ਉਹ ਪੂਰੀ ਗੰਭੀਰਤਾ ਨਾਲ ਲਿਖਦਾ ਹੈ। ਹੱਥਲਾ ਨਾਵਲ ਇਸ ਗੱਲ ਦੀ ਹਾਮੀ ਭਰਦਾ ਹੈ। ਉਸਦੀ ਬੋਲੀ ਸਾਦਾ ਤੇ ਸਰਲ ਹੈ। ਅਜੋਕੇ ਸਮੇਂ ਵਿਚ ਜਗੀਰੂ ਪਰਬਾ ਦੇ ਨਿਘਾਰ ਨੂੰ ਅਟੱਲ ਦੱਸਕੇ ਬਿਆਨ ਕਰਨਾ ਤੇ ਲੋਕਾਂ ਦਾ ਇਸ ਪਰਬਾ ਵਲੋਂ ਮੋਹ-ਭੰਗ ਕਰਨਾ ਅਹਿਮ ਸਮਾਜਿਕ ਕਾਰਜ ਹੈ। ਇਸ ਨਾਵਲ ਵਿਚ ਖਾਮੋਸ਼ ਨੇ ਇਹੋ ਕੀਤਾ ਹੈ।

ਸੁਰਜੀਤ ਗਿੱਲ

□

# ਘਸਮੈਲੇ ਚਿਹਰੇ

## (ਹਰਭਜਨ ਸਿੰਘ ਹੁੰਦਲ)

ਹਰਭਜਨ ਸਿੰਘ ਹੁੰਦਲ ਇਕ ਕਵੀ ਹੈ। ਇਸ ਸਿਨਫ ਤੇ ਉਸਨੂੰ ਅਬੂਰ ਹਾਸਲ ਹੈ। ਉਹਨੇ ਕਵਿਤਾ ਦੀਆਂ ਢੇਰ ਸਾਰੀਆਂ ਪੁਸਤਕਾਂ ਲਿਖੀਆਂ ਹਨ। ਪਰੰਤੂ ਉਹਨੇ ਵਾਰਤਕ ਵੀ ਲਿਖੀ ਹੈ। ਜਿਸ ਤੋਂ ਲਗਦਾ ਹੈ ਕਿ ਉਹ ਇਕ ਸਫਲ ਵਾਰਤਾਕਾਰ ਹੈ। ਹੁੰਦਲ ਨੇ ਵਾਰਤਕ ਘੱਟ ਲਿਖੀ ਹੈ, ਪਰੰਤੂ ਜੋ ਲਿਖਿਆ ਹੈ ਉਹ ਆਪਣਾ ਵਿਸ਼ੇਸ਼ ਥਾਂ ਰਖਦਾ ਹੈ। ਉਹ ਐਮਰਜੰਸੀ ਸਮੇਂ ਜੇਲ੍ਹ ਗਿਆ। ਉਸ ਪਿਛੋਂ ਉਹਨੇ ਪਹਿਲੀ ਵਾਰਤਕ ਪੁਸਤਕ "ਕਾਲੇ ਦਿਨਾਂ ਦੇ ਨਕਸ਼" ਲਿਖੀ। ਦੂਜੀ ਵੇਰ ਉਹ ਬੇਰੁਜ਼ਗਾਰ ਅਧਿਆਪਕਾਂ ਦੇ ਸੰਘਰਸ਼ ਵਿਚ

ਉਹਨਾਂ ਦੀ ਹਮਾਇਤ ਲਈ ਜੇਲ੍ਹ ਗਿਆ। ਉਹਨੇ "ਜੇਲ੍ਹ ਅੰਦਰ ਜੇਲ੍ਹ" ਲਿਖੀ। ਉਹ ਜਿਥੇ ਇਕ ਸੰਘਰਸ਼, ਉਸਦੀ ਕੁਚੱਜੀ ਲੀਡਰਸ਼ਿਪ ਦਾ ਕਿਰਦਾਰ ਬਿਆਨ ਕਰਦੀ ਹੈ। ਉਥੇ ਟਰੇਡ ਯੂਨੀਅਨ ਦਾਅ ਪੇਚਾਂ ਦੀ ਹੈਂਡ ਬੁੱਕ ਹੈ। ਸੰਘਰਸ਼ ਤੇ ਸੰਘਰਸ਼ ਸ਼ੀਲ ਗਭਰੂਆਂ ਨਾਲ ਪੂਰਨ ਹਮਦਰਦੀ ਹੈ, ਪਰੰਤੂ ਲੀਡਰਸ਼ਿਪ ਵਿਰੁਧ ਭੰਡੀ ਪਰਚਾਰ ਨਹੀਂ ਸਗੋਂ ਕੁਚੱਜ-ਪੁਣੇ ਤੇ ਕਟਾਖ਼ਸ਼ ਹੈ। ਇਸ ਪੁਸਤਕ ਨੇ ਹੁੰਦਲ ਨੂੰ ਇਕ ਚੰਗੇ ਵਾਰਤਾਕਾਰ ਵਜੋਂ ਸਥਾਪਤ ਕਰ ਦਿਤਾ। ਹੁਣ ਵਰਿਆਂ ਪਿੱਛੋਂ ਵਿਅਕਤੀ ਚਿਤਰਾਂ ਦੀ ਪੁਸਤਕ ਛਾਪੀ ਹੈ। ਇਹ ਵਿਅਕਤੀ-ਚਿਤਰੇ ਉਹਨੇ ਯਾਦਾਂ ਦੀ ਪਟਾਰੀ ਫਰੋਲ ਫਰੋਲਕੇ ਸਮੇਂ ਸਮੇਂ ਲਿਖੇ ਹਨ। ਹੁਣ ਉਹਨਾਂ ਨੂੰ ਪੁਸਤਕ ਰੂਪ ਵਿਚ ਛਾਪਿਆ ਹੈ। ਹੁੰਦਲ ਵਲੋਂ ਲਿਖੇ ਵਿਅਕਤੀ-ਚਿਤਰ ਵਿਅਕਤੀ ਦੇ ਚਰਿਤਰ ਤੇ ਘਟਨਾਵਾਂ ਦਾ ਰਲੇਵਾਂ ਹਨ। ਇਸ ਤਰਾਂ ਲਗਦਾ ਹੈ ਜਿਵੇਂ ਹੁੰਦਲ ਨੇ ਵਾਰਤਕ ਵਿਚ ਇਕ ਨਵੀਂ ਸਿਨਫ ਸਿਰਜੀ ਹੋਵੇ, ਜਿਸ ਦਾ ਹਾਲੇ ਨਾਮ ਕਰਨ ਕਰਨਾ ਬਾਕੀ ਹੋਵੇ।

ਹੁੰਦਲ ਨੇ ਲਿਖੇ ਤਾਂ ਬੇਸ਼ਕ ਵਿਅਕਤੀ-ਚਿੱਤਰ ਹਨ, ਪਰੰਤੂ ਇਹਨਾਂ ਵਿਚਦੀ ਸਹਿਜਤਾ ਇਹਨਾਂ ਨੂੰ ਕਿਸੇ ਕਲਪ ਰਚਨਾ ਤਾਂ ਬਣਾ ਦਿੰਦੀ ਹੈ। ਮਿਸਾਲ ਵਜੋਂ ਬਾਬਾ ਜੀਵਨ ਸਿੰਘ ਹੁੰਦਲ ਨੇ ਮੁੰਡਪੁਣੇ ਸਮੇਂ ਦੇਖਿਆ ਸੀ। ਪਰੰਤੂ ਹੁਣ ਕਈ ਦਹਾਕਿਆਂ ਪਿਛੋਂ ਜਿਹੜਾ ਚਿਤਰ ਉਹਦਾ ਪੇਸ਼ ਕੀਤਾ ਹੈ, ਉਹ ਸੱਚ ਮੁਚ ਦੇ ਜਿਉਂਦੇ ਮਨੁਖ ਦਾ ਨਹੀਂ ਜਾਪਦਾ ਬਲਕਿ ਆਪੇ ਸਿਰਜਿਆ ਕੋਈ ਪਾਤਰ ਜਾਂ ਨਾਇਕ ਜਾਪਦਾ ਹੈ। ਕਿਸੇ ਆਪਣੇ ਬਾਰੇ ਤੇ ਵਿਸ਼ੇਸ਼ ਕਰਕੇ ਕਿਸੇ ਸਤਿਕਾਰੇ ਬਜ਼ੁਰਗ ਪ੍ਰਤੀ ਲਿਖਣ ਸਮੇਂ ਸਾਂਵਾਂ ਰਹਿਣਾ ਮੁਸ਼ਕਲ ਹੁੰਦਾ ਹੈ। ਨਾਂ ਚਾਹੁੰਦਿਆਂ ਹੋਇਆਂ ਵੀ ਨਿੰਦਿਆ ਜਾਂ ਆਦਰਸ਼ੀ ਕਰਨ ਹੋ ਜਾਂਦਾ ਹੈ ਪਰੰਤੂ ਹੁੰਦਲ ਸਾਵਾਂ ਪਣ ਕਾਇਮ ਰਖਣ ਵਿਚ ਹੀ ਸਫਲ ਨਹੀਂ ਰਿਹਾ ਬਲਕਿ ਨਿਰਪੱਖ ਰਿਹਾ ਹੈ। ਆਪਣੀ ਦਾਦੀ ਬਾਰੇ ਲਿਖਦਿਆਂ ਜਿਥ ਉਹਦੇ ਚੰਗੇ ਪੱਖਾਂ ਦਾ ਵਰਨਣ ਹੈ ਉਥੇ ਉਹਦਾ ਕੰਜੂਸਪੁਣੇ ਤੇ ਨੂੰਹਾਂ ਵੱਲ ਗਲਤ ਰਵਈਏ ਦਾ ਵਰਨਣ ਵੀ ਕਰਨੋਂ ਵੀ ਨਹੀਂ ਹਟਿਆ। ਇਸੇ ਤਰ੍ਹਾਂ ਤਾਇਆ ਕਲਜੁਗ ਵਿਰੁਧ ਕੋਈ ਨਿਜੀ ਕਿੜ ਨਹੀਂ ਕੱਢੀ। ਉਹਦੇ ਚੰਗੇ ਮਾੜੇ ਦੋਨੋਂ ਪੱਖ ਪੇਸ਼ ਕੀਤੇ ਹਨ। ਤਾਇਆ ਤਾਰਾ ਸਿੰਘ ਤੇ ਆਪਣੇ ਸਮਕਾਲੀਆਂ ਬੇਲੀਆਂ 'ਸ਼ਮਸ਼ੇਰ' ਤੇ ਮੇਜਰ ਬਾਰੇ ਵੀ ਇਹੋ ਕੁਝ ਕੀਤਾ ਹੈ। ਹੁੰਦਲ ਜਿਥੇ ਵਿਅਕਤੀਆਂ ਬਾਰੇ ਗੱਲ ਕਰਦਾ ਹੈ ਉਥੇ ਆਪਣਾ ਪਰਵਾਰਕ ਸਮਾਜਿਕ ਤੇ ਵਿਚਾਰਧਾਰਕ ਦਰਿਸ਼ਟੀ-ਕੋਣ ਵੀ ਬਿਨਾ ਝਿਜਕ ਤੇ ਖਰੇ ਢੰਗ ਨਾਲ ਪੇਸ਼ ਕਰਦਾ ਹੈ। ਵਿਚਾਰਧਾਰਕ ਵਖਰੇਵੇਂ ਵੀ ਨਹੀਂ ਛੱਡੇ ਤੇ ਯਾਰੀ ਵੀ ਨਹੀਂ ਟੁੱਟਣ ਦਿੱਤੀ। ਇਕ ਸੰਤੁਲਤ ਜੀਵਨ ਜਿਉਣ ਦਾ ਇਹ ਵਧੀਆ ਗੁਰ ਹੈ। ਬਹੁਤੇ ਰਿਸ਼ਤੇ ਨਿੱਜ ਤੇ ਵਿਚਾਰਧਾਰਾ ਨੂੰ ਰਲ ਗੱਡ ਕਰਨ ਨਾਲ ਟੁੱਟ ਜਾਂਦੇ ਹਨ। ਜਦੋਂ ਲੰਮੇ ਸਮੇਂ ਪਿਛੋਂ ਵਿਅਕਤੀ ਹਿਸਾਬ ਕਰਦਾ ਹੈ, ਦੋਨੋਂ ਗੱਲਾਂ ਪੱਲੇ ਨਹੀਂ ਹੁੰਦੀਆਂ।

ਹੁੰਦਲ ਇਥੇ ਦੇ ਇਹਨਾਂ ਵਿਅਕਤੀ ਚਿਤਰਾਂ ਵਿਚ ਜਿਥੇ ਮਾਨਵਵਾਦ ਦਾ ਪਰਚਾਰ ਕਰਦਾ ਹੈ। ਉਥੇ ਇਕ ਚਿੱਤਰ ਪੰਜਾਬ ਦੇ ਸੈਕੂਲਰ ਮਾਨਵੀ ਤੇ ਲੋਕ ਹਿਤੂ ਸਭਿਆਚਾਰ ਦਾ ਵੀ ਵਰਨਣ ਹੈ। ਜਥੇਦਾਰ ਮੰਗਲ ਸਿੰਘ ਬੇਗੋਵਾਲ, ਪੰਜਾਬ ਦੀ ਸੰਘਰਸ਼ਸ਼ੀਲ ਸਿੱਖ ਕਿਸਾਨੀ ਦਾ ਪ੍ਰਤੀਨਿਧ ਨਾਇਕ ਹੈ। ਉਹ ਨਿੱਡਰ ਤੇ ਬੇਲਾਗ ਵਿਅਕਤੀ ਹੈ। ਸਿਖੀ ਉਸਦਾ ਆਦਰਸ਼ ਹੈ! ਅੱਜ ਸੰਕਟ ਸਮੇਂ ਇਹੋ ਜਿਹੇ ਜਥੇਦਾਰਾਂ ਦੀ ਲੋੜ ਹੈ, ਜਿਹੜੇ ਪੰਜਾਬ ਦੇ ਅਮੀਰ ਵਿਰਸੇ ਦੀ ਰਾਖੀ ਲਈ ਮੈਦਾਨ ਵਿਚ ਨਿਤਰਨ।

ਬਲਵੰਤ ਗਾਰਗੀ "ਕਾਸ਼ਨੀ ਵਿਹੜਾ, ਦੇ ਸਿਰਲਖ ਹੇਠ ਲੜੀਵਾਰ ਲੇਖ ਲਿਖ ਰਿਹਾ ਹੈ। ਉਹਨਾਂ ਵਿਚ ਨਿਜੀ ਯਾਦਾਂ ਤੇ ਨੇੜੇ ਆਏ ਵਿਅਕਤੀਆਂ ਦਾ ਵਰਨਣ ਹੈ। ਉਹ ਇਹਨਾਂ ਲੇਖਾਂ ਨੂੰ ਲੜੀਵਾਰ ਨਾਵਲ ਦਸ ਰਿਹਾ ਹੈ। ਇਸ ਪਖੋਂ ਹੁੰਦਲ ਦੀ ਕਿਰਤ 'ਘਸਮੈਲੇ ਚਿਹਰੇ' ਨੂੰ ਵੀ ਇਕ ਨਾਵਲ ਕਿਹਾ ਜਾ ਸਕਦਾ ਹੈ, ਜਿਸ ਵਿਚ ਵਖੋ ਵਖਰੇ ਪਾਤਰ ਹਨ। ਹੁੰਦਲ ਦੀ ਇਸ ਕਿਰਤ ਵਿਚ ਸਰਲਤਾ, ਸਪੱਸ਼ਟਤਾ, ਰੌਚਕਤਾ ਦੇ ਸਾਰੇ ਗੁਣ ਹਨ। ਇਸ ਨੂੰ ਹਰ ਵਰਗ ਦਾ ਪਾਠਕ ਆਪਣੇ ਦਰਿਸ਼ਟੀਕੋਣ ਤੋਂ ਪੜ੍ਹੇਗਾ ਤੇ ਲੋੜੀਂਦਾ ਰਸ ਪਰਾਪਤ ਕਰੇਗਾ। ਆਸ ਕਰਨੀ ਚਾਹੀਦੀ ਹੈ ਕਿ ਹੁੰਦਲ ਅਗੇ ਤੋਂ ਕਵਿਤਾ ਦੇ ਨਾਲ ਹੀ ਵਾਰਤਕ ਵੀ ਲਿਖੇਗਾ।

ਸੁਰਜੀਤ ਗਿੱਲ

□

# ਪੰਖ-ਵਿਹੂਣਾ

## (ਹਰਭਜਨ ਹਲਵਾਰਵੀ)

'ਪੰਖ-ਵਿਹੂਣਾ' ਹਰਭਜਨ ਹਲਵਾਰਵੀ ਦਾ ਤੀਸਰਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਪੌਣ ਉਦਾਸ ਹੈ' ਅਤੇ 'ਪਿਘਲੇ ਹੋਏ ਪਲ', ਦੋ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ-ਜਗਤ ਨੂੰ ਦੇ ਚੁੱਕਾ ਹੈ।

ਹਲਵਾਰਵੀ ਪੰਜਾਬੀ ਦਾ ਪ੍ਰਮੁੱਖ ਪੱਤਰਕਾਰ ਵੀ ਹੈ ਤੇ ਉਸ ਦੀ ਪੱਤਰਕਾਰੀ ਉਸ ਦੀ ਸ਼ਾਇਰੀ ਦੇ ਮਾਰਗ ਲਈ ਰੁਕਾਵਟ ਨਹੀਂ ਬਣੀ। ਇਹ ਕਹਿਣਾ ਤਾਂ ਮੁਸ਼ਕਿਲ ਹੈ ਕਿ ਉਸ ਨੇ ਵਧੇਰੇ ਪ੍ਰਾਪਤੀ ਪੱਤਰਕਾਰੀ ਵਿਚ ਕੀਤੀ ਹੈ ਜਾਂ ਸ਼ਾਇਰੀ ਵਿਚ। ਫੇਰ ਵੀ ਇਹ ਗੱਲ ਤਸੱਲੀ ਵਾਲੀ ਹੈ ਕਿ ਉਹ ਦੋਹਾਂ ਖੇਤਰਾਂ ਵਿਚ ਆਪਣੀ ਮੌਲਿਕ ਸਿਰਜਣਾ-ਸਮਰੱਥਾ ਦਾ ਪ੍ਰਮਾਣ ਦਿੰਦਾ ਅੱਗੇ ਵਧ ਰਿਹਾ ਹੈ।

ਪੱਤਰਕਾਰੀ ਉਸ ਲਈ ਵੱਖ ਵੱਖ ਦੇਸ਼ਾਂ ਦੇ ਭਰਮਣ ਲਈ ਨਿੱਤ ਨਵੇਂ ਅਵਸਰ ਪ੍ਰਦਾਨ ਕਰਕੇ ਉਸ ਦੇ ਜੀਵਨ-ਅਨੁਭਵ ਨੂੰ ਵਿਸ਼ਾਲ ਤੇ ਡੂੰਘੇਰਾ ਕਰਦੀ ਹੈ। ਅਨੁਭਵ ਦੀ ਇਹ ਵਿਸ਼ਾਲਤਾ ਉਸ ਦੀ ਕਾਵਿ-ਸਿਰਜਣਾ ਲਈ ਵਰਦਾਨ ਬਣਦੀ ਹੈ।

ਹਲਵਾਰਵੀ ਨਕਸਲਵਾਦੀ ਲਹਿਰ ਦੀ ਉਪਜ ਹੋਣ ਦੇ ਬਾਵਜੂਦ ਇਸ ਲਹਿਰ ਤੋਂ ਵੱਖਰਾ ਕਾਵਿ-ਮੁਹਾਵਰਾ ਸਿਰਜਣ ਲਈ ਆਰੰਭ ਤੋਂ ਹੀ ਤੱਤਪਰ ਰਿਹਾ ਹੈ। ਉਸ ਦੀ ਸ਼ਾਇਰੀ ਤੱਤੇ ਬੋਲਾਂ ਦੀ ਥਾਂ, ਧੀਮੇਂ ਬੋਲਾਂ ਦੀ ਸੂਖਮਤਾ-ਭਰੀ ਸ਼ਾਇਰੀ ਹੈ। ਇਸ ਵਿਚ ਕਿਤੇ ਵੀ ਨਿੱਜੀ ਸੂਰਮਤਾਈ, ਤਲੀ ਤੇ ਸੀਸ ਰੱਖ ਕੇ ਮਰ ਮਿਟਣ ਦੀ ਸੁਚੇਤ ਪਰਦਰਸ਼ਨੀ ਜਾਂ ਸਟੇਟ ਨੂੰ ਗੁਸੈਲ ਭਾਸ਼ਾ ਵਿਚ ਸੰਬੋਧਨ ਦੀ ਸੁਰ ਭਾਰੂ ਨਹੀਂ, ਸਗੋਂ ਇੰਝ ਪ੍ਰਤੀਤ ਹੁੰਦਾ

ਹੈ ਕਿ ਜਿਵੇਂ ਹਲਵਾਰਵੀ ਆਧਣੇ ਆਰੰਭਕ ਰਾਜਸੀ-ਕਵੀ ਦੇ ਬਿੰਬ ਨੂੰ ਤੋੜ, ਇਕ ਨਵਾਂ ਕਾਵਿ-ਬਿੰਬ ਸਿਰਜਣ ਵਿਚ ਸਫਲ ਹੋਇਆ ਹੈ।

ਅਸੀਂ ਉਸ ਨੂੰ ਮਨੁੱਖੀ ਰਿਸ਼ਤਿਆਂ ਦਾ ਕਵੀ ਕਹਿ ਸਕਦੇ ਹਾਂ, ਆਪਣੇ ਸਮਾਜਕ ਰਾਜਸੀ ਚੌਗਿਰਦੇ ਪ੍ਰਤੀ ਪੂਰੀ ਤਰਾਂ ਜਾਗਰੂਕ ਹੁੰਦਾ ਹੋਇਆ ਵੀ ਉਹ ਚਲੰਤ ਰਾਜਸੀ ਜਾਂ ਸਮਾਜਕ ਘਟਨਾਵਾਂ ਜਾਂ ਵਰਤਾਰਿਆਂ ਨੂੰ ਕਵਿਤਾ ਵਿਚ ਪੇਸ਼ ਨਹੀਂ ਕਰਦਾ, ਸਗੋਂ ਇਹਨਾਂ ਸਮਾਜਕ. ਰਾਜਸੀ ਤੇ ਆਰਥਕ ਪ੍ਰਸਥਿਤੀਆਂ ਦੇ ਪ੍ਰਭਾਵ ਤੇ ਦਬਾਵਾਂ ਹੇਠ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਪ੍ਰੀਵਰਤਨਾਂ ਤੇ ਵਿਗਾੜਾਂ ਨੂੰ ਘੋਖਣ ਤੇ ਪ੍ਰਗਟਾਉਣ ਦੀ ਕੋਸ਼ਿਸ਼ ਵਿੱਚ ਹੈ।

ਇਸ ਕਾਵਿ-ਸੰਗ੍ਰਹਿ ਦੇ ਤਿੰਨ ਭਾਗ ਹਨ। ਧਹਿਲੇ ਭਾਗ ਵਿਚ ਨਜ਼ਮਾਂ ਹਨ ਤੇ ਦੂਸਰੇ, ਤੀਸਰੇ ਭਾਗ ਵਿਚ ਗੀਤ ਤੇ ਗਜ਼ਲਾਂ। ਇਹ ਗੱਲ ਤਸੱਲੀ ਵਾਲੀ ਹੈ ਕਿ ਉਹ ਤਿੰਨਾਂ ਹੀ ਕਾਵਿ-ਰੂਪਾਂ ਵਿਚ ਬਰਾਬਰ ਦੀ ਕਾਵਿ-ਯੋਗਤਾ ਤੇ ਸ਼ਿਲਪ ਪੱਖੋਂ ਪਕਿਆਈ ਦਾ ਪ੍ਰਮਾਣ ਦਿੰਦਾ ਹੈ।

ਗੁੰਝਲਦਾਰ ਮਨੁੱਖੀ ਰਿਸ਼ਤਿਆਂ ਦੀ ਪਹਿਚਾਣ ਕਰਦਾ ਤੇ ਕਰਾਉਂਦਾ ਇਹ ਸ਼ਾਇਰ ਦੋਗਲੇ ਕਿਰਦਾਰਾਂ ਤੇ ਵਿਹਾਰਾਂ ਉਤੋਂ ਧਰਦਾ ਉਤਾਰਦਾ ਹੋਇਆ ਲਿਖਦਾ ਹੈ ;

ਖਾਲੀ ਖਾਲੀ ਅੱਖਾਂ ਨਾਲ
ਕਾਹਦੀ ਤਲਾਸ਼ ਕਰਦੀ ਹੈ ?
ਸ਼ੁੱਧ ਵਸਤਾਂ, ਸ਼ੁੱਧ ਵਰਤਾਰਿਆਂ ਦਾ
ਮੌਸਮ ਕਦੋਂ ਦਾ ਬੀਤ ਚੁੱਕਾ ਹੈ

—ਪੰਨਾ-15

ਜਾਂ

ਬਾਹਰਲੇ ਪ੍ਰਦੂਸ਼ਣ ਦਾ ਤਾਂ
ਲੱਭ ਲੈਣਗੇ ਹੱਲ ਵਿਗਿਆਨੀ
ਸੋਚਾਂ, ਸੁਧਨਿਆਂ ਤੇ ਰਿਸ਼ਤਿਆਂ ਵਿਚ
ਫੈਲ ਗਏ ਪ੍ਰਦੂਸ਼ਣ ਦਾ ਕੀ ਹੱਲ ਹੋਵੇਗਾ ?

—ਪੰਨਾ-34

ਸ਼ਾਇਰ ਨੇ ਮਿਲਣ ਤੇ ਵਿਛੜਨ ਦੇ ਅਦੁਭੁੱਤ ਛਿਣਾਂ ਨੂੰ ਫੜਨ ਦਾ ਉਪਰਾਲਾ ਕੀਤਾ ਹੈ :

ਚੌਦਾਂ ਸਾਲਾਂ ਪਿੱਛੋਂ ਮੁੜ ਕੇ ਫੇਰ ਮਿਲੇ ਹਾਂ
ਸਾਡੇ ਅੰਗਾਂ ਦੀ ਛੁਹ ਫੇਰ ਹੈ ਸੱਜਰੀ ਹੋਈ
ਪੱਤ ਝੜ ਦੇ ਮਗਰੋਂ ਜਿਉਂ ਫੁੱਟਣ
ਰੇਸ਼ਮ ਤੋਂ ਵਧ ਕੂਲੇ ਪੱਤੇ।

—ਪੰਨਾ-46



'ਪੰਖ-ਵਿਹੂਣਾ' ਸੰਗ੍ਰਹਿ ਵਿਚ ਹਾਜ਼ਰ ਸੱਤ ਗੀਤ, ਲੋਕ-ਗੀਤ ਵਰਗੀ ਕੋਮਲ ਭਾਸ਼ਾ ਵਿਚ ਮਨੁੱਖੀ ਜਜ਼ਬਿਆਂ ਦੀ ਪੇਸ਼ਕਾਰੀ ਕਰਦੇ ਕਵੀ ਦੀ ਸੁਹਜ-ਸਿਰਜਣਾ ਦੀ ਹਾਮੀਂ ਭਰਦੇ ਹਨ ;

ਸਾਡੀ ਚਾਨਣੀ ਧੁਆਖੀ, ਫਿੱਕੀ ਫਿੱਕੀ ਹੋਈ ਧੁੱਪ
ਸਾਡੇ ਘਰਾਂ ਪਿਛਵਾੜੇ, ਪੌਣ ਫਿਰੇ ਚੁੱਪ ਚੁੱਪ
ਇਹ ਨੂੰ ਵੰਝਲੀ ਦੇ ਸੁਰਾਂ ਦੇ ਹੁਲਾਰੇ ਨਾ ਮਿਲੇ
ਸਾਨੂੰ ਨੇੜ ਨੇੜ ਹੋਣ ਦੇ ਇਸ਼ਾਰੇ ਨਾ ਮਿਲੇ।

—ਪੰਨਾ-53

ਆਖਰੀ ਭਾਗ ਵਿਚ ਸ਼ਾਇਰ ਦੀਆਂ ਸੋਲਾਂ ਗਜ਼ਲਾਂ ਸ਼ੁਸ਼ੋਭਤ ਹਨ। ਇਹਨਾਂ ਵਿਚ ਮੋਹ ਭਿੱਜੇ ਛਿਣਾਂ ਦਾ ਚਿਤਰਨ ਵੀ ਹੈ ਤੇ ਸੋਗ-ਮਈ ਦੁੱਖ-ਮਾਰੀਆਂ ਨਹਿਸ਼ ਘੜੀਆਂ ਦਾ ਵੀ। ਉਹ ਲਹੂ-ਭਿੱਜੇ ਪੰਜਾਬ ਲਈ ਚੰਗੀ ਸੋਅ ਤੇ ਸੁਹਾਣੇ ਮੌਸਮ ਦੀ ਕਾਮਨਾ ਕਰਦਾ ਹੈ :

ਨਫਰਤ ਦਾ ਨ੍ਹੇਰ ਮੁੱਕੇ, ਲਿਸ਼ਕੇ ਲੋਅ ਦੋਸਤੀ ਦੀ
ਸਾਂਝਾ ਦਾ ਵਿਹੜਿਆਂ ਵਿਚ ਖਿੜਿਆ ਗੁਲਾਬ ਹੋਵੇ
ਇਸ ਅੰਨ੍ਹੀ ਦੁਸ਼ਮਣੀ ਦੇ ਹੜ੍ਹ ਨੂੰ ਹੁਣ ਠੱਲ੍ਹ ਪਾਓ
ਕੀ ਕੁਝ ਇਸ ਰੋੜ੍ਹ ਦਿੱਤਾ, ਹੁਣ ਤਾਂ ਹਿਸਾਬ ਹੋਵੇ।

ਗਜ਼ਲ ਦੇ ਫੀਤੇ ਤੇ ਜਰੀਬਾਂ ਚੁੱਕੀ ਫਿਰਦੇ ਸਾਹਿਤ-ਪਟਵਾਰੀ ਸ਼ਾਇਦ ਇਹਨਾਂ ਸ਼ਿਅਰਾਂ ਵਿਚੋਂ ਵੀ ਮਾਤਰਾਂ ਦੀ ਕੋਈ ਵਾਧ-ਘਾਟ ਲੱਭ ਲੈਣ, ਐਪਰ ਸੁਹਜ-ਸਿਰਜਣਾ ਦੀ ਤਲਾਸ਼ ਕਰਨ ਵਾਲੇ ਸ਼ਾਇਰੀ ਦੇ ਪ੍ਰਸ਼ੰਸਕਾਂ ਨੂੰ ਕਵੀ ਦੇ ਸ਼ਿਅਰ ਦੇਰ ਤੀਕ ਰੜਕਦੇ ਤੇ ਪ੍ਰਭਾਵਤ ਕਰਦੇ ਰਹਿਣਗੇ :

ਅੱਧੀ ਰਾਤੀਂ ਆਈ ਸੁਤਿਆਂ ਪਰਿੰਦਿਆਂ ਨੂੰ ਜਾਗ
ਕੀਹਨੇ ਪੌਣ ਵਿਚ ਘੋਲੀ ਚੀਕ ਜਿਹੀ ਕਨਸੋ
ਸੱਦਾ ਆਉਣ ਦਾ ਇਹ ਦੇਵੇ ਜਾਂ ਸੁਨੇਹਾ ਜਾਣ ਦਾ
ਬੂਹੇ ਟੰਗਿਆ ਏ ਹਾਰ ਜਿਹੜਾ ਬਿਨਾਂ ਖ਼ੁਸ਼ਬੋ

ਨਕਸਲਵਾਦੀ ਰਾਜਸੀ ਲਹਿਰ ਦੀ ਚੜ੍ਹਤ ਨਾਲ ਪੰਜਾਬੀ ਕਾਵਿ-ਸੰਸਾਰ ਵਿਚ ਦਰਜਨਾਂ ਕਵੀ ਵੇਖਣ ਵਿਚ ਆਏ ਸਨ, ਪਰ ਬੜੇ ਥੋਹੜੇ ਨਾਮ, ਲਹਿਰ ਦੇ ਬਿਖਰਨ ਤੇ ਵਿਗੜਣ ਬਾਅਦ ਨਿਰੰਤਰ ਵਿਕਾਸ ਕਰ ਕੇ ਆਪਣੀ ਪ੍ਰਤਿਭਾ ਦਾ ਪ੍ਰਮਾਣ ਦੇ ਸਕੇ ਹਣ। ਧੂੜ ਵਿਚ ਟੱਟੂ ਭਜਾ ਕੇ ਸ਼ਾਹ ਸਵਾਰ ਅਖਵਾਉਣ ਵਾਲੇ ਲੋਕ, ਧੂੜ ਦੇ ਛੱਟਣ ਬਾਅਦ ਘੱਟ ਹੀ ਵਿਖਾਈ ਦਿੰਦੇ ਹਨ।

ਹਲਵਾਰਵੀ ਦੀ ਕਵਿਤਾ ਆਧਣੇ ਮਾਰਗ ਤੇ ਨਿਰੰਤਰ ਤੁਰਦੀ ਰਹਿਣ ਵਾਲੀ ਕਵਿਤਾ ਹੈ। ਇਹ ਪੰਖ-ਵਿਹੂਣੇ ਧਰਿੰਦਿਆਂ ਦੀ ਬੇਬਸੀ ਤੇ ਵੇਦਨਾ ਨੂੰ ਬੋਲ ਪ੍ਰਦਾਨ ਕਰਦੀ ਹੈ ਤੇ

ਅਜੇਹੀ ਰਚਨਾ ਆਪਣਾ ਡੂੰਘਾ ਪ੍ਰਭਾਵ ਪਾ ਕੇ ਰਹਿੰਦੀ ਹੈ। ਅਜੇਹੀ ਨਰੋਈ ਰਚਨਾ ਦਾ ਸੁਵਾਗਤ ਕਰਦਿਆਂ ਡੂੰਘੀ ਤਸੱਲੀ ਦਾ ਅਹਿਸਾਸ ਹੁੰਦਾ ਹੈ। ਵਿਲੱਖਣ ਕਾਵਿ-ਮੁਹਾਵਰਾ ਸਿਰਜਣ ਵਾਲੀ ਕਵਿਤਾ ਹੀ ਸਾਹਿਤ ਦੇ ਖੇਤਰ ਵਿਚ ਗਤੀ ਪੈਦਾ ਕਰਦੀ ਹੈ। ਮੈਨੂੰ ਆਸ ਹੈ ਕਿ ਹਲਵਾਰਵੀ ਦੀ ਕਵਿਤਾ ਪਾਠਕਾਂ ਦਾ ਵਡੇਰਾ ਤੇ ਵਿਸ਼ਾਲ ਘੇਰਾ ਸਿਰਜਣ ਵਿਚ ਸਫਲ ਹੋਵੇਗੀ।

ਹ. ਸ. ਹ.

## ਪੁਸਤਕ ਪ੍ਰਾਪਤੀ

| | ਪੰਨੇ | ਰੁ: ਪੈਸੇ |
|---|---|---|
| 1. ਦਾਇਰੇ (ਕਵਿਤਾ) —ਦਰਸ਼ਨ ਸਿੰਘ ਮਾਸਟਰ | 104 | 10—00 |
| 2. ਪਲਕਾਂ 'ਚ ਤੈਰਦੇ ਪਲ (ਕਵਿਤਾ) —ਬਲਬੀਰ ਪਰਵਾਨਾ | 48 | 7—00 |
| 3. ਕਚਹਿਰੀ ਵਿਚ ਖੜਾ ਦਰੱਖ਼ਤ (ਕਵਿਤਾ) —ਅਜਾਇਬ ਸਿੰਘ ਹੁੰਦਲ | 112 | 60—00 |
| 4. ਗੌਤਮ ਉਦਾਸ ਹੈ (ਕਹਾਣੀ-ਸੰਗ੍ਰਹਿ) —ਸੁਖਮਿੰਦਰ ਸਿੰਘ ਸੇਖੋਂ | 142 | 50—00 |
| 5. ਤਰਲੋਮੱਛੀ ਕਾਇਨਾਤ (ਕਹਾਣੀ-ਸੰਗ੍ਰਹਿ) —ਸਰਵਮੀਤ | 112 | 10—00 |
| 6. ਸ਼ਾਮ ਦੇ ਦੀਵੇ (ਗ਼ਜ਼ਲਾਂ) —ਸੁਭਾਸ਼ ਕਲਾਕਾਰ | 72 | 50—00 |
| 7. ਹੜੱਪਾ ਤੋਂ ਹੀਰੋਸ਼ੀਮਾ ਵੱਲ (ਕਵਿਤਾ) —ਨਿਰੰਜਨ ਸਿੰਘ ਨੂਰ | 112 | 100—00 |
| 8. ਮੈਂ ਸੋਚਦਾ ਹਾਂ (ਕਵਿਤਾ) —ਸਤ ਪਾਲ ਸਾਜਨ | 64 | 40—00 |



With best compliments from :

**FREEDOM SALES**

**G. T. Road (Near Canal),**
**AMRITSAR-143001**

Awarded with Gold Medel & Udyog Patra by
Vice President of India

CYCLE AIR PUMPS, AIR PUMP'S RUBBER, NYLEX TUBINGS, CYCLE'S RUBBER & PLASTIC PARTS, MUDGUARD SCREWS & SEAT BOLTS, CYCLE BELL & PEDALS

Office Phone :
230930, 230846, 230833,
230848, 230849, 231165,
47953.

Resid. Phone :
224453, 220018, 224853,
221500, 62148,
Grams : 'FREEDOM'

Only Place in Northern India

CENTRE FOR

PLASTIC COSMETIC AND RECONSTRUCTIVE SURGERY

# BHUPINDER NURSING HOME

Near Central Town Gurdwara Diwan Asthan

Milap Road, Jalandhar-144001.

**Out S'anding Features :**

**LIPOSUCTION** To suck out extra deposited **Fat.**

★ Figure correcting permanent effect.

★ Safe and economical.

**LUECODERMA** Treatment by colour cell Transplantation in stationery white patch. Permanent, safe, and economical.

**RHINOPLASTIES** Correction of nose defects of deformities. Desired shape given to small or large size nose

**Special Features**

★ **Face Lift** Removel of skin wrinkels of face.

★ **Blepheroplasty** Removel of eye bags

★ Shaping of Ears and Lips.

★ Surgery of scars.

★ Face pealing.

★ Surgery of poxmarks.

★ Hair Transplantation.

★ Breast enlargement/ reduction.

★ Suspension of breast.

★ Treatment of burns.

★ Surgery of burn scars and contractures

★ General reconstructive procedures.

## Dr. B. P. SINGH M.S.

Plastic Cosmetic And Reconstructive Surgeon

Phones : 55828, 221295, 224228